# ਜ਼ਿੰਦੜੀਏ ਯਾਦ ਕਰੇਂਗੀ

# ਜ਼ਿੰਦੜੀਏ ਯਾਦ ਕਰੇਂਗੀ

ਬਲਬੀਰ ''ਸਾਹਨੇਵਾਲ''

**Zindriea Yaad Karengi**

*By*

**Balbir 'Sahnewal'**
S/o Sh. Manjit Singh
Railway Road, Sahnewal
Mob: 99150-35575

2009
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2009*

*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's and writer's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

ਇੰਦਰਜੀਤ ਹਸਨਪੁਰੀ ਜੀ ਨੂੰ ਸਮਰਪਿਤ

# ਤਤਕਰਾ


➣ ਜ਼ਿੰਦੜੀਏ ਯਾਦ ਕਰੇਂਗੀ 9
➣ ਚਿੱਠੀ-ਔਰੰਗਜ਼ੇਬ ਨੂੰ 10
➣ ਦੁਨੀਆਂ ਮਤਲਬਖੋਰਾਂ ਦੀ 13
➣ ਰਹਿਮਤ ਦੀ ਬਾਰਸ਼ 14
➣ ਧੀਆਂ ਹੋਗੀਆਂ ਜੁਆਨ 16
➣ ਖਿੱਚ ਲਓ ਸ਼ਮਸ਼ੀਰਾਂ ਨੂੰ 18
➣ ਪਟਣੇ ਦਾ ਚੰਨ 19
➣ ਪੁੰਨਿਆਂ ਦਾ ਚੰਨ 20
➣ ਪੰਜਾਬ ਦਾ ਗਭਰੂ 21
➣ ਸਰਬੰਸ-ਦਾਨੀ 23
➣ ਸੂਬਾ ਤੇ ਸਾਹਿਬਜ਼ਾਦੇ 24
➣ ਗਭਰੂ ਢੋ ਲਏ ਨੇ 26
➣ ਅਮਨਾਂ ਦਾ ਮਾਹੀ 28
➣ ਨਿੱਤ ਪੀਵੇਂ ਤੂੰ 30
➣ ਵਸਦੇ ਪੰਜਾਬ ਨੂੰ 31
➣ ਦਾਤੇ ਦਾ ਅੱਟਲ ਭਾਣਾ 32
➣ ਅਜੀਤ-ਜੁਝਾਰ 33
➣ ਇੱਕ ਦਿਨ 35
➣ ਢਾਈਆਂ ਢੋਰੀਆਂ 37
➣ ਮੇਰੇ ਵਤਨ ਦੇ ਬੰਦੇ 39
➣ ਭੈਣ ਦੇ ਵੀਰ 42
➣ ਬੜਾ ਏ ਫਰਕ 43
➣ ਆ ਜਾ ਮੇਰੇ ਵੀਰਾ 45
➣ ਫੌਜੀਆ 47
➣ ਸ਼ੈਤਾਨ-ਆਦਮੀ 48

| | | |
|---|---|---|
| ➢ | ਮੂੰਹੋਂ ਬੋਲ ਵਾਹਿਗੁਰੂ | 50 |
| ➢ | ਸਾਕਾ ਸਰਹੰਦ | 51 |
| ➢ | ਮਹਾਨ ਸ਼ਹੀਦੀ | 52 |
| ➢ | ਰੁੱਸ ਕੇ ਨਾ ਬਹਿਜੀਂ | 53 |
| ➢ | ਜਾਗ ਜ਼ਰਾ | 55 |
| ➢ | ਦਸਮੇਸ਼ ਪਿਤਾ | 56 |
| ➢ | ਪੰਜਾਬ ਦੇ ਕਿਸਾਨ ਨੂੰ | 57 |
| ➢ | ਦਾਜ ਦੇ ਲੋਭੀਆਂ ਨੂੰ | 59 |
| ➢ | ਦੁਸ਼ਟ ਦਮਨ | 61 |
| ➢ | ਮਜਦੂਰ ਕਾਮਿਆਂ | 62 |
| ➢ | ਬੁਢਾਪਾ ਜ਼ਲਾਲਤ ਹੈ | 63 |
| ➢ | ਬੀਤ ਗਏ ਦੀ ਯਾਦ | 65 |
| ➢ | ਅਣਖਾਂ ਦੀ ਚਿੱਟੀ ਪੱਗ | 67 |
| ➢ | ਆ ਦੇਹ ਕੇਰਾਂ ਦੀਦਾਰੇ | 68 |
| ➢ | ਇਹ ਦੁਨੀਆਂ | 69 |
| ➢ | ਨਾਨਕ ਪਿਆਰੇ ਆ ਜਾ | 71 |
| ➢ | ਦੇਸ਼ ਦਾ ਪਹਿਰੇਦਾਰ | 72 |
| ➢ | ਅਨੰਦਰਪੁਰ ਵਾਸੀ | 74 |
| ➢ | ਸ਼ੇਰ ਜੁਆਨਾ | 76 |
| ➢ | ਖੇਤੀ ਕਰ ਲੈ ਤੂੰ | 77 |
| ➢ | ਵਾਸੀਂ ਭਾਰਤ ਦੇਸ਼ ਦੇ | 79 |
| ➢ | ਅਸਲ ਪੜ੍ਹਾਈ | 80 |
| ➢ | ਦੇਸ਼ ਪੰਜਾਬ | 81 |
| ➢ | ਭਾਰਤ ਮਾਤਾ | 82 |
| ➢ | ਸਾਹਿਬਜ਼ਾਦੇ-ਬਜੀਰ ਖਾਨ | 83 |

➢ ਦੇਸ਼ ਦੀ ਸ਼ਾਨ 85
➢ ਅਪਣਾ ਫਰਜ਼ 86
➢ ਸ਼ਹੀਦੀ-ਗਾਨਾ 88
➢ ਸਿੱਧੇ ਰਾਹੇ ਆ ਜਾ 89
➢ ਨੀ ਤੁਰ ਗਿਆ 90
➢ ਹੀਰ-ਰਾਂਝਾ 91
➢ ਕੰਨਸੋ 92
➢ ਬੱਬਰ ਸ਼ੇਰ 93
➢ ਦਰਦ-ਪ੍ਰਾਇਆ 95
➢ ਸਮਝ ਮੇਰ ਭਾਵ 96
➢ ਹਾਸੇ ਵੰਡਦੀ 97
➢ ਸ਼ਹੀਦ ਭਗਤ ਸਿੰਘ 98
➢ ਨਾ ਜਾਹ 99
➢ ਮਿਰਜਾ-ਸਾਹਿਬਾਂ 101

## ਜ਼ਿੰਦੜੀਏ ਯਾਦ ਕਰੇਂਗੀ

ਸ਼ੁਕਰ ਨਾ ਸਿਮਰਨ ਕੀਤਾ ਰੱਬ ਦਾ,
ਇਹ ਨਾ ਭਲੀ ਰੀਤ।
ਜ਼ਿੰਦੜੀਏ ਯਾਦ ਕਰੇਂਗੀ,
ਗਿਆ ਵਕਤ ਜਦ ਬੀਤ।
ਜ਼ਿੰਦੜੀਏ ਯਾਦ.........

ਹਿਰਸਾਂ ਦੀ ਕੋਈ ਹੱਦ ਨਾ ਹੁੰਦੀ,
ਇਹ ਗੱਲ ਸੱਚੀ ਜਾਣ।
ਮੌਤ ਤਾਂ ਹੁੰਦੀ ਸਖੀ-ਸਹੇਲੀ,
ਜੀਵਨ ਦਾ ਕੀ ਮਾਣ।
ਹਿਯਾਤੀ ਵਿਸਾਹ ਨਾ ਕੋਈ,
ਇਹ ਬਾਲੂ ਕੀ ਭੀਤ।
ਜ਼ਿੰਦੜੀਏ ਯਾਦ.........

ਹਰ ਕੋਈ ਹੋਇਆ ਅਤਿ ਲਾਲਚੀ,
ਸੋਚੇ ਲਾਹ ਲਵਾਂ ਤਰਦੀ-ਤਰਦੀ।
ਬਿਨਾ ਸਬਰ-ਸਬੂਰੀ ਤੋਂ,
ਢਿੱਡ, ਰੂਹ ਤੇ ਜੇਬ ਨਾ ਭਰਦੀ।
ਰੱਬ ਤੇ ਰੱਖ ਭਰੋਸਾ ਬੰਦੇ,
ਨਹੀਂ ਰਖੀ ਦੀ ਭੈੜੀ ਨੀਤ।
ਜ਼ਿੰਦੜੀਏ ਯਾਦ.........

ਜੀਵਨ ਤੁਰਦੀ ਫਿਰਦੀ ਮਿੱਟੀ,
ਹੈ ਕੀ ਇਹਦਾ ਭਰਵਾਸਾ।
ਜ਼ਿੰਦਗੀ ਇਸੇ ਦਾ ਨਾਉਂ ਨੇ ਕਹਿੰਦੇ,
ਕਦੇ ਰੋਣਾ ਕਦੇ ਹਾਸਾ।
"ਬਲਬੀਰ" ਸੰਸਾਰ ਸਵਾਰਥੀ ਸਾਰਾ,
ਕੋਈ ਨਾ ਸੱਜਣ ਮੀਤ।
ਜ਼ਿੰਦੜੀਏ ਯਾਦ.........

## ਚਿੱਠੀ-ਔਰੰਗਜ਼ੇਬ ਨੂੰ

ਤੀਰਾਂ ਅਤੇ ਤਲਵਾਰਾਂ ਵਾਲੇ,
ਪ੍ਰਵਰਦਿਗਾਰ ਦਾ ਧਿਆ ਕੇ ਨਾਉਂ।
ਸਿੰਘ ਸੂਰਮੇਂ ਸਾਜਣ ਵਾਲੇ,
ਸਿਰਜਣਹਾਰ ਦਾ ਲੈ ਕੇ ਨਾਉਂ।

ਘੋੜੇ ਜਿਸ ਦੇ ਹਵਾ ਤੋਂ ਕਾਹਲੇ,
ਯਾਦ ਓਸ ਦੀ ਸੀਨੇ ਪਾ ਕੇ।
ਲਿਖਦਾ ਹਾਂ ਔਰੰਗੇ ਤੈਨੂੰ,
ਓਸ ਖੁਦਾ ਦਾ ਖਿਆਲ ਲਿਆ ਕੇ।

ਕੁੱਲ ਭਾਰਤ ਤੇ ਰਾਜ ਕਰਨ ਦੀ,
ਜਿਸ ਨੇ ਹੈ ਤੇਰੀ ਵਾਰੀ ਲਾਈ।
ਓਸੇ ਨੇ ਹੀ ਮੇਰੀ ਵੀ ਹੈ,
ਦੀਨ-ਧਰਮ ਦੀ ਬਾਂਹ ਫੜਾਈ।

ਤੇਰਾ ਕੰਮ ਹੈ ਮਕਰ-ਫਰੇਬੀਆਂ,
ਮੈਂ ਤਾਂ ਰਿਹਾ ਹਾਂ ਸੱਚ ਦਾ ਰਾਹੀ।
ਐਰੰਗਜ਼ੇਬ ਤੇਰਾ ਨਾਂ ਨ੍ਹੀ ਫਬਦਾ,
ਦਗੇ ਫਰੇਬ ਦੀ ਪਾਵੇ ਫਾਹੀ।

ਤਸਬੀ ਤੇਰੀ ਨਿਰੇ ਮਣਕੇ-ਧਾਗਾ,
ਐਵੇਂ ਹੈ ਤੈਂ ਜਾਲ ਵਿਛਾਇਆ।
ਜੰਤਾ ਦੇ ਧਰਮ ਤੇ ਧਾਵਾ ਬੋਲੇ,
ਦੁਸ਼ਟਾਂ ਦਾ ਬਣਿਆਂ ਹਮਸਾਇਆ।

ਪਿਉ ਆਪਣੇ ਦੀ ਮਿੱਟੀ ਕਰਕੇ,
ਵਿਚ ਭਰਾ ਦੀ ਰੱਤ ਤੂੰ ਪਾਈ।
ਬੈਠ ਗਿਐਂ ਕੱਚਾ ਘਰ ਪਾ ਕੇ,
ਲੋਕ-ਲਾਜ ਤੈਨੂੰ ਜ਼ਰਾ ਨਾ ਆਈ।

ਅਕਾਲ ਪੁਰਖ ਦੀ ਮਿਹਰ ਨਾਲ ਮੈਂ,
ਸਭ ਕੁੱਝ ਤੇਰਾ ਤਬਾਹ ਕਰਾਂਗਾ।
ਤੇਗ ਦੀ ਤਿੱਖੀ ਧਾਰ ਸੰਗ ਮੈਂ,
ਸਦਾ ਲਈ ਮੋਕਲਾ ਰਾਹ ਕਰਾਂਗਾ।

ਦੱਖਣ ਦਿਆਂ ਪਹਾੜ ਵਿਚੋਂ,
ਨਿਰਾ ਅਸਫਲ ਆਇਆ ਹੈਂ ਤੂੰ।
ਅਤੇ ਮੈਵਾੜੋਂ ਵੀ ਹੈ ਸੁਣਿਆ,
ਮੁੜਿਆ ਪਿਆਸਾ ਤ੍ਰਿਹਾਇਆ ਹੈਂ ਤੂੰ।

ਤੱਕਿਆ ਜੇ ਤੈਂ ਇਸ ਪਾਸੇ ਵਲ,
ਆਪਣੀ ਤ੍ਰੇਹ ਮਿਟਾਵਣ ਦੇ ਲਈ।
ਪੰਜਾਬ ਦੀ ਆਤਿਸ਼ ਧਰ ਦਿਆਗਾ,
ਤੇਰੇ ਪੈਰ ਜਲਾਵਣ ਦੇ ਲਈ।

ਗਿੱਦੜ ਨੇ ਦੋ ਸ਼ੇਰ ਦੇ ਬੱਚੇ,
ਮਾਰ ਲਏ ਜੇ ਨਾਲ ਮਕਾਰੀ,
ਬੱਬਰ ਸ਼ੇਰ ਜਿਉਂਦਾ ਹੈ ਅਜੇ,
ਇੰਤਕਾਮ ਦੀ ਕਰੇ ਤਿਆਰੀ।

ਕੂੜ ਕਸਮਾਂ ਖਾਣ ਵਾਲਿਆ,
ਹੁਣ ਤੇਰਾ ਇਤਬਾਰ ਕੋਈ ਨ੍ਹੀਂ,
ਸ਼ਾਤਮਈ ਦੇ ਮਾਹੌਲ ਲਈ ਹੁਣ,
ਤੇਰਾ ਬਾਝ ਹਥਿਆਰ ਕੋਈ ਨ੍ਹੀਂ।

ਤੇਰਾ ਮੇਰਾ ਜੇ ਹੋਇਆ ਟਾਕਰਾ,
ਸਿੱਧੇ ਰਸਤੇ ਪਾ ਦੇਵਾਂਗਾ।
ਮੁੜ ਕੇ ਨਾ ਮੂੰਹ ਕਰੇਗਾ ਇਧਰ,
ਐਸਾ ਸਬਕ ਸਿਖਾ ਦਿਆਂਗਾ।

ਦੋ ਲਸ਼ਕਰ ਮੈਦਾਨੇ-ਜੰਗ ਅੰਦਰ,
ਆਹਮੋਂ-ਸਾਹਮਣੇ ਖੜੇ, ਹੋ ਜਾਵਣ।
ਮੈਂ ਤਾਂ ਸਿਰਫ ਇਕੱਲਾ ਆਵਾਂ,
ਤੇਰੇ ਸੰਗ ਸਵਾਰ ਦੋ ਆਵਣ।

ਗਰੀਬ ਲੋਕ ਮਰਵਾਈ ਜਾਂਨੈ,
ਖੁਦ ਅਗੇ ਹੋ ਲਇਆ ਕਰ ਤੂੰ।
"ਬਲਬੀਰੇ" ਖਾਲਿਕ ਦੀ ਖਲਕਤ ਨੂੰ,
ਐਵੇਂ ਤਵਾਹ ਨਾ ਕਰਿਆ ਕਰ ਤੂੰ।

5 ਫਰਵਰੀ 1968

## ਦੁਨੀਆਂ ਮਤਲਬਖੋਰਾਂ ਦੀ

ਇਹ ਦੁਨੀਆਂ ਮਤਲਬਖੋਰਾਂ ਦੀ।
ਠੱਗਾਂ, ਡਾਕੂਆਂ, ਚੋਰਾਂ ਦੀ।

ਸਾਡੇ ਆਪਣੇ ਵੀ ਅੱਜ ਆਪਣੇ ਨਹੀਂ,
ਅਸੀਂ ਗੱਲ ਕੀ ਕਰੀਏ ਹੋਰਾਂ ਦੀ।

ਜਿਹੜੇ ਖੁਦ ਲੰਗੜਾਅ ਕੇ ਤੁਰਦੇ ਨੇ,
ਉਹ ਤੋਰ ਪਰਖਦੇ ਮੋਰਾਂ ਦੀ।

ਗੱਲ ਫੁੱਲਾਂ ਦੀ ਸਭ ਕਰਦੇ ਨੇ,
ਨਹੀਂ ਕਰਦੇ ਕੰਡਿਆਲੇ ਥੋਹਰਾਂ ਦੀ।

ਅਮੀਰ ਹੋਰ ਅਮੀਰ ਨੇ ਹੋਈ ਜਾਂਦੇ,
ਕੋਈ ਸਾਰ ਲਵੇ ਨਾ ਕਮਜ਼ੋਰਾਂ ਦੀ।

"ਬਲਬੀਰ" ਤੂੰ ਬਚ ਕੇ ਲੰਘ ਜਾਵੀਂ,
ਅਗੇ ਟੋਲੀ ਬੈਠੀ ਐ ਚੁਗਲਖੋਰਾਂ ਦੀ।

25 ਦਸੰਬਰ 2006

## ਰਹਿਮਤ ਦੀ ਬਾਰਸ਼

ਕਰਦਾ ਸੀ ਮੈਂ ਤਾਂ ਦਿਲ ਲਗੀਆਂ
ਤੂੰ ਐਵੇਂ ਗੱਲ ਵਧਾਈ ਨੀ
ਰਹਿਮਤ ਦੀ ਬਾਰਸ਼ ਹੋ ਜਾਵੇ।
ਜੇ ਹੋ ਜਾਏ ਬੱਦਲ-ਬਾਈ ਨੀ

ਦੋ ਪਹੀਆਂ ਤੇ ਚਲਦੀ ਐ
ਇਹ ਜੋ ਗ੍ਰਸਿਤ ਦੀ ਗੱਡੀ ਏ
ਕੱਢ ਕੇ ਬਾਹਰ ਸੁੱਟ ਦੇ ਤੂੰ
ਜਿਹੜੀ ਵੀ ਕਵਾਬ 'ਚ ਹੱਡੀ ਏ
ਤੂੰ ਬਾਤ ਦਾ ਬਤੰਗੜ ਬਣਾ ਬੈਠੀ
ਅਸਲ 'ਚ ਸੀ ਜੋ ਰਾਈ ਨੀ
ਰਹਿਮਤ ਦੀ ਬਾਰਸ਼.........

ਇਹ ਰਿਸ਼ਤਾ ਯਕੀਨ ਦੀ ਨੀਂਹ ਉਤੇ
ਹੁੰਦਾ ਸਦਾ ਪਕੇਰਾ ਏ
ਗਿਆਨ-ਵਿਹੂਣੀਂ ਜੋੜੀ ਲਈ
ਹੈ ਚਾਰੇ ਤਰਫ ਹਨੇਰਾ ਏ
ਹਾਸੇ ਵਿਚ ਮੈਂ ਕੁੱਝ ਕਹਿ ਬੈਠਾ
ਤੂੰ ਗੱਲ ਦਿਲੇ ਨੂੰ ਲਾਈ ਨੀ
ਰਹਿਮਤ ਦੀ ਬਾਰਸ਼.........

ਪਿਆਰ ਦਾ ਹੱਥ ਵਧਾ ਕੇ ਤੇ
ਗੁੱਸੇ ਨੂੰ ਮੂੰਹੋਂ ਥੁੱਕ ਦੇ ਤੂੰ
ਹਮੇਸ਼ਾਂ ਗ਼ਲ ਨਾਲ ਲਾ ਲਈਏ
ਅਗੋਂ ਕਿਸੇ ਨੂੰ ਝੁਕਦੇ ਨੂੰ
ਸੋਚ ਕੇ ਦੂਰ-ਅੰਦੇਸ਼ੀ ਨਾ
ਆ ਕਰ ਲਈਏ ਸੁਲ੍ਹਾ ਸਫਾਈ ਨੀ
ਰਹਿਮਤ ਦੀ ਬਾਰਸ਼.........

"ਬਲਬੀਰ" ਬਣ ਕੇ ਮਹਿਰਮ
ਭੇਦ ਇਕ-ਦੂਜੇ ਦਾ ਪਾ ਲਈਏ
ਕੁੱਝ ਆਪਣੀਆਂ ਆਦਤਾਂ ਛੱਡ ਦਈਏ
ਕੁੱਝ ਦੂਜੇ ਦੀਆਂ ਅਪਨਾਅ ਲਈਏ
ਕਿਸੇ ਦਾ ਕੁੱਝ ਵੀ ਜਾਣਾ ਨਾ
ਆਪਣੀ ਈ ਹੋਣੀ ਰੁਸਵਾਈ ਨੀ
ਰਹਿਮਤ ਦੀ ਬਾਰਸ਼.........

3 ਮਾਰਚ 2003

## ਧੀਆਂ ਹੋਗੀਆਂ ਜੁਆਨ

ਹੋਇਆ ਹੱਥ ਡਾਢਾ ਤੰਗ,
ਅਸੀਂ ਹੋ ਗਏ ਆਂ ਮਲੰਗ
ਜਾਣ ਨਾ ਸਕੂਲੇ
ਰੋਡੇ-ਭੋਡੇ ਵੇ ਚੰਨਾ
ਧੀਆਂ ਜੋਗੀਆਂ ਜੁਆਨ
ਤੂੰ ਛੱਡ ਦੇ ਡੋਡੇ ਵੇ ਚੰਨਾਂ

ਘਰਾਂ 'ਚ ਜਦੋਂ ਹੋਂਣ ਤੰਗੀਆਂ
ਤਾਂ ਖੜਕਣ ਭਾਂਡੇ ਵੇ
ਹੋਣ ਕੁੜੀਆਂ ਮੁੱਟਿਆਰਾਂ
ਤਾਂ ਲੋਕੀ ਕੱਢਦੇ ਆਂਡੇ ਵੇ
ਵੱਡੀ ਨੂੰ ਭਾਵੇ ਕੱਲ੍ਹ ਵਿਆਹ ਲੈ
ਮੇਰੇ ਆਉਂਦੀ ਮੋਢੇ-ਮੋਢੇ ਵੇ ਚੰਨਾਂ
ਧੀਆਂ ਹੋਗੀਆਂ ਜੁਆਨ.........

ਵਿਆਹ ਤੋਂ ਪਹਿਲਾਂ ਚੰਗਾ ਭਲਾ ਸੀ
ਹੋਇਐਂ ਨਸ਼ਿਆਂ ਦਾ ਆਦੀ
ਸਿਹਤ, ਸਮਾਂ ਅਤੇ ਸਰਮਾਇਆ
ਹੈ ਤਿੰਨਾਂ ਦੀ ਬਰਬਾਦੀ
ਵਖਰਾ ਡਰ ਹੈ ਪੁਲਸ ਦਾ
ਉਹ ਤੋੜ ਦੇਣਗੇ ਗੋਡੇ ਵੇ ਚੰਨਾ
ਧੀਆਂ ਹੋਗੀਆਂ ਜੁਆਨ.........

ਸਾਰੇ ਤੇਰਾ ਨਾਉਂ ਭੁੱਲਗੇ
ਵੇ ਤੈਨੂੰ ਕਹਿਣ ਪੋਸਤੀ
ਜਦੋਂ ਦੀ ਤੈਂ ਭੁੱਕੀ ਨਾਲ
ਹੈ ਲਾਈ ਦੋਸਤੀ
ਨਸ਼ਿਆਂ ਨੇ ਹੱਡ ਤੇਰੇ
ਕਰ ਦਿਤੇ ਬੋਦੇ ਵੇ ਚੰਨਾ
ਧੀਆਂ ਹੋਗੀਆਂ ਜੁਆਨ.........

"ਬਲਬੀਰ ਸਾਹਨੇਵਾਲੀਆਂ"
ਤੈਨੂੰ ਸਦਾ ਰਿਹਾ ਸਮਝਾਉਂਦਾ
ਸਿਆਣੇ ਦਾ ਕਿਹਾ, ਔਲੇ ਦਾ ਖਾਧਾ
ਸੁਆਦ ਪਿਛੋਂ ਹੈ ਆਉਂਦਾ
ਘਰ ਵਿਚ ਭੰਗ ਭੁੱਜਦੀ
ਸ਼ਰੀਕਾ ਕੋਈ ਆ ਆਏ ਥੋਡੇ ਵੇ ਚੰਨਾ
ਧੀਆਂ ਹੋਗੀਆਂ ਜੁਆਨ
ਤੂੰ ਛੱਡਦੇ ਡੋਡੇ ਵੇ ਚੰਨਾ

29 ਫਰਵਰੀ 2008

## ਖਿੱਚ ਲਓ ਸ਼ਮਸ਼ੀਰਾਂ ਨੂੰ

ਉਠੋ ਵੀਰੋ! ਉਠੋ ਭੈਣੋਂ!!
ਚਿੱਲੇ ਚਾੜ੍ਹ, ਲਓ ਤੀਰਾਂ ਨੂੰ
ਜੋ ਵੀ ਕੋਈ ਏ ਮੱਥਾ ਲਾਉਂਦਾ
ਖਿੱਚ ਲਓ ਸ਼ਮਸ਼ੀਰਾਂ ਨੂੰ

ਅਜ਼ਾਦੀ ਅਪਣੀ ਖਤਰੇ ਵਿਚ ਹੈਂ
ਤੱਕੋ ਜ਼ਰਾ ਖਿਆਲ ਕਰੋ
ਡੱਕਰੇ ਕਰ ਦਿਓ ਦੁਸਮਣਾਂ ਦੇ
ਧਰਤੀ ਲਾਲੋ-ਲਾਲ ਕਰੋ
ਹੁਣ ਨਾ ਰਤਾ ਸੰਕੋਚ ਕਰੋ
ਡਾਹ ਦਿਓ ਅਗੇ ਸਰੀਰਾਂ ਨੂੰ
ਉਠੋ ਵੀਰੋਂ! ਉਠੋ ਭੈਣੋ!!.........

ਸਾਹਿਬ ਕੌਰ ਤੇ ਝਾਂਸੀ ਰਾਣੀ
ਬਣ ਜੋ ਹਰ ਮੁਟਿਆਰ ਤੁਸੀਂ
ਹੁਣ ਨ੍ਹੀਂ ਮੌਕਾ ਸੁਸਤ ਹੋਣ ਦਾ
ਹੋ ਜਾਓ ਸਭ ਹੁਸ਼ਿਆਰ ਤੁਸੀਂ
ਅਗੇ-ਅਗੇ ਕਦਮ ਵਧਾਓ
ਛੱਡ ਪਿਛਲੀਆਂ ਤਕਸੀਰਾਂ ਨੂੰ
ਉਠੋ ਵੀਰੋਂ! ਉਠੋ ਭੈਣੋ!!.........

"ਅਜੀਤ" ਅਤੇ "ਜੁਝਾਰ" ਦੇ ਵਾਂਗੂ
ਧੁੰਮਾਂ ਰਣ ਵਿਚਪਾ ਦੇਵੋ
ਬਚ ਕੇ ਨਾ ਕੋਈ ਜਾਵੇ ਇਥੋਂ
ਇਥੇ ਈ ਕਬਰ ਬਣਾ ਦੇਵੋ
"ਬਲਬੀਰ" ਨਾ ਇਥੇ ਨਿੱਤ-ਨਿੱਤ ਜੰਮਣਾ
ਬਦਲ ਦਿਉ ਤਕਦੀਰਾਂ ਨੂੰ
ਉਠੋ ਵੀਰੋ! ਉਠੋ ਭੈਣੋ!!.........

20 ਮਈ 1969

## ਪਟਣੇ ਦਾ ਚੰਨ

ਪਟਣੇ 'ਚ ਚੜ੍ਹਿਆ
ਸਾਰੇ ਹਿੰਦ 'ਚ ਹੋਈ ਰੁਸ਼ਨਾਈ
ਘਰ-ਘਰ ਹੋਣ ਖੁਸ਼ੀਆਂ
ਮਾਤਾ ਗੁਜਰੀ ਨੂੰ ਦੇਣ ਵਧਾਈ

ਉਜੜੇ ਹੋਏ ਬਾਗ ਦਾ
ਆ ਗਿਆ ਮਾਲੀ ਨੀ
ਦੱਸ ਲੱਖ ਨਾਲ ਲੜਾਊ
ਜਿਹੜਾ ਚਾਲੀ ਨੀ
ਧਰਤੀ ਦਾ ਚੰਨ ਵੇਖ ਕੇ
ਖੁਸ਼ੀ 'ਚ ਸਮਾਊ ਨਾ ਲੋਕਾਈ
ਪਟਣੇ 'ਚ ਚੰਨ.........

ਜ਼ਾਲਮਾਂ ਨੂੰ ਸੁਣ ਅੱਜ
ਚੜ੍ਹ ਜਾਣਾ ਤਾਪ ਨੀ
ਆਪੇ ਉਹੋ ਗੁਰੂ ਅਤੇ
ਚੇਲਾ ਹੋਊ ਆਪ ਨੀ
ਦੁਨੀਆਂ ਤਾਂ ਢੰਗ ਰਹਿਜੂਗੀ
ਉਹਦੀ ਦੇਖ ਕੇ ਅਨੋਖੀ ਈਦਨਾਈ
ਪਟਣੇ 'ਚ ਚੰਨ.........

ਸਾਰੀ ਹੀ ਕੌਮ ਉਹਨੂੰ
ਪਿਤਾ ਵਾਂਗ ਚਾਹੂਗੀ
ਤਲਵਾਰ ਉਹਦੀ ਵੇਖੀਂ
ਆਹੂ ਵੈਰੀਆਂ ਦੇ ਲਾਹੂਗੀ
"ਬਲਬੀਰ ਸਾਹਨੇ ਵਾਲੀਆਂ" ਕਹੇ
ਉਹਦਾ ਮਾਰਗ ਹੋਣਾਂ ਏਂ ਭਲਾਈ
ਪਟਣੇ 'ਚ ਚੰਨ.........

22 ਦਸੰਬਰ 1968

## ਪੁੰਨਿਆਂ ਦਾ ਚੰਨ

ਜਦੋਂ ਜਨਮ ਗੁਰਾਂ ਦਾ ਹੋਇਆ,
ਹਨੇਰਾਸਾਰਾ ਦੂਰ ਹੋ ਗਿਆ।
ਐਸਾ ਚੰਨ ਪੁੰਨਿਆਂ ਦਾ ਚੜ੍ਹਿਆ,
ਰਾਤਾਂ ਦਾ ਉਹ ਮੂੰਹ ਧੋ ਗਿਆ।

ਭੈਣ ਨਾਨਕੀ ਦੇ ਵੀਰ ਪਿਆਰੇ
ਬਲੀਆਂ ਦੇ ਵਲ ਕੱਢ ਤੇ
ਉਨ੍ਹਾਂ ਸਿੱਧਾਂ ਨੂੰ ਸਿੱਧੇ ਰਾਹ ਪਾਇਆ
ਦਿਲਾਂ ਵਿਚੋਂ ਛਲ ਕੱਢ ਤੇ
ਮਲਕ ਭਾਗੋ ਦੇਖ ਦੰਗ ਹੋਇਆ
ਪੂੜੀਆਂ ਚੋਂ ਖ਼ੂਨ ਚੋ ਗਿਆ
ਜਦੋਂ ਜਲਮ ਗੁਰਾਂ.........

ਗੁਰਾਂ ਏਕੇ ਦਾ ਸਬਕ ਸਿਖਾ ਕੇ
ਦੁਨੀਆਂ ਨੂੰ ਰਾਹ ਦੱਸਿਆ
ਕੜਾਹੇ ਤਪਦੇ ਠੰਢੇ-ਸੀਤ ਕੀਤੇ
ਮਰਦਾਨੇ ਨੂੰ ਵੇਖ ਫ਼ਸਿਆ
ਕੱਢ ਨਫ਼ਰਤਾਂ ਦਿਲਾਂ ਦੇ ਵਿਚੋਂ
ਪਿਆਰ ਵਾਲਾ ਬੀਜ ਬੋ ਗਿਆ
ਜਦੋਂ ਜਨਮ ਗੁਰਾਂ.........

ਭੁੱਖੇ ਸਾਧੂਆਂ ਨੂੰ ਭੋਜਨ ਛਕਾ ਕੇ
ਅਨੋਖਾ ਈ ਵਿਉਪਾਰ ਕੀਤਾ ਸੀ
ਪੰਜੇ ਨਾਲ ਪ੍ਰੱਬਤ ਅਟਕਾਇਆ
ਮਰਦਾਨੇ ਪਾਣੀ ਰੱਜ ਪੀਤਾ ਸੀ
ਪੜ੍ਹ-ਪੜ੍ਹ ਬਾਬੇ ਦੀ ਬਾਣੀ
"ਬਲਬੀਰ" ਨੂੰ ਸਰੂਰ ਹੋ ਗਿਆ
ਜਦੋ ਜਨਮ ਗੁਰਾਂ.........

18 ਮਾਰਚ 1975

## ਪੰਜਾਬ ਦਾ ਗਭਰੂ

ਮੈਂ ਗਭਰੂ ਪੰਜਾਬ ਦਾ
ਮੈਨੂੰ ਜਾਣੇ ਕੁੱਲ ਜਹਾਨ
ਮੇਰਾ ਆਖਾ ਮੰਨਦੇ ਦੇਵਤੇ
ਤੱਕ ਲੋਕੀ ਹੋਣ ਹੈਰਾਨ
ਖ਼ੂਨ ਡੋਹਲਾਂ ਦੇਸ਼ ਤੇ ਕੌਮ ਲਈ
ਅਤੇ ਜਾਨ ਕਰਾਂ ਕੁਰਬਾਨ
ਮੈਂ ਹਿੰਮਤ ਕਦੇ ਨਾ ਹਾਰ ਦਾ
ਮੇਰੇ ਸੰਗ ਮੇਰਾ ਭਗਵਾਨ

ਉਹ ਮੱਥਾ ਮੇਰੇ ਨਾਲ ਲਾਵੰਦੇ
ਜੀਹਦਾ ਆਇਆ ਅੰਤ-ਅਖੀਰ
ਮੈਂ ਔਕਣਾਂ ਅਗੇ ਅੱਜ ਤੱਕ
ਕਦੇ ਹੋਇਆ ਨਾ ਦਿਲਗੀਰ
ਭੰਗ ਹੁੰਦਾ ਦੇਖ ਕੇ ਅਮਨ ਨੂੰ
ਫਿਰ ਚੁੱਕ ਲਵਾਂ ਸ਼ਮਸ਼ੀਰ
ਮੈਂ ਮੌਤ ਨੂੰ ਏਦਾਂ ਸਮਝਦਾ
ਜਿਉਂ ਮੇਰੀ ਹੀ ਏ ਹੀਰ

ਵੈਰੀ ਕਰੇ ਜੇ ਉਂਗਲ ਦੇਸ਼ ਵਲ
ਉਹਦਾ ਵੱਢ ਦਿਆਂ ਮੈਂ ਹੱਥ
ਪੈਰ ਧਰੇ ਜੇ ਸਾਡੀ ਸੀਮਾਂ ’ਚ
ਉਹਦੀ ਕੱਟ ਦਿਆਂ ਮੈਂ ਲੱਤ
ਮੈਂ ਇਕੋ ਲੰਬੀ ਡੀਕ ’ਚ
ਉਹਦੀ ਪੀ ਜਾਂ ਸਾਰੀ ਰੱਤ
ਕਿਵੇਂ ਹੈ ਮੱਥਾ ਲਈ ਦਾ
ਉਹਨੂੰ ਦੇ ਦਿਆਂ ਐਸੀ ਮੱਤ

ਮੈਂ ਤਾਂ ਰਾਖਾ ਗਊ-ਗਰੀਬ ਦਾ
ਕਈ ਸਮਝਣ ਮੈਨੂੰ ਫ਼ਕੀਰ
ਮੈਂ ਚੰਘੀਆਂ ਮੱਝਾਂ ਬੂਰੀਆਂ

ਪੀਤਾਂ ਮਾਂ ਭਾਰਤ ਦਾ ਸ਼ੀਰ
ਡੱਕੇ ਮੈਂ ਸਮਝਾਂ ਓਸ ਨੂੰ
ਜੀਹਨੂੰ ਲੋਕੀ ਕਹਿਣ ਸ਼ਤੀਰ
ਮੈਂ ਆਖੇ ਆਪਣੀ ਸ਼ੀਰੀ ਦੇ
ਪ੍ਰਬਤ ਵੀ ਲਿਆਵਾਂ ਚੀਰ

ਮੈਂ ਵੀਰ "ਕਰਤਾਰ ਸਰਾਭੇ" ਦਾ
ਜੀਹਦੀ ਹਿੰਦ 'ਚ ਚੰਮਕੇ ਸ਼ਾਨ
ਅਮਰਿਤ ਮੈਂ ਪੀਤਾ ਖੰਡੇ ਦਾ
ਜਿਹੜਾ ਮੋਇਆਂ 'ਚ ਪਾਵੇ ਜਾਨ
ਮੇਰੇ ਅਗੇ ਨਾ ਖੜ੍ਹਦੇ ਸੂਰਮੇਂ
ਮੈਨੂੰ ਚੜ੍ਹੀ ਸਿੱਖੀ ਦੀ ਪਾਣ
ਮੈਨੂੰ ਮੌਤ ਨੇ ਦਿਤੀਆਂ ਲੋਰੀਆਂ
ਕਰੇ ਇਜ਼ਰਾਈਲ ਪਛਾਣ

ਮੈਂ "ਊਧਮ" ਜਿਹਾ ਹਾਂ ਸੂਰਮਾ
"ਡਾਇਰ" ਮਾਰਿਆ ਲੰਡਨ ਜਾ
ਮੈਂ ਵਾਗੂੰ "ਦੀਪ ਸਿੰਘ" ਦੇ
ਦੇਊਂ ਦਰਿਆਵਾਂ ਨੂੰ ਅਟਕਾ
ਮੈਨੂੰ "ਸ਼ਾਮ ਸਿੰਘ" ਜਰਨੈਲ ਨੇ
ਕਿਵੇਂ ਮਰੀਦਾ ਦਿੱਤਾ ਸਿਖਾ
"ਬਲਬੀਰ ਵੀ ਸਾਹਨੇਵਾਲੀਆ"
ਕਦੇ ਕਰ ਲਊ ਪੂਰੇ ਚਾਅ

12-11-1968

## ਸਰਬੰਸ-ਦਾਨੀ

ਇਕੱਲੇ ਨਾ ਇਕੱਲਾ ਤਾਂ ਲੜ ਲੈਂਦਾ,
ਸਵਾ ਲੱਖ ਨਾਲ ਕੌਣ ਲੜਾ ਸਕਦਾ।
ਤੀਰਾਂ-ਗੋਲੀਆਂ ਨਾ ਬਾਜ ਸਭ ਮਾਰ ਲੈਂਦੇ,
ਭਲਾਂ ਚਿੜੀਆਂ ਤੋਂ ਕੌਣ ਮਾਰ ਸਕੱਦਾ।
ਕੌਣ ਦੇਸ਼ ਤੇ ਕੌਮ ਦੀ ਆਨ ਬਦਲੇ,
ਪਿਆਰੇ ਪਿਤਾ ਨੂੰ ਸ਼ਹੀਦ ਕਰਾ ਸਕਦਾ।

ਉਹਦਾ ਰਾਹ ਕੀ ਔਕੜਾਂ ਰੋਕ ਸਕਣ,
ਜਿਹੜਾ ਹਾਥੀਆਂ ਨਾ ਬੰਦੇ ਨੂੰ ਲੜਾ ਸਕਦਾ।
ਸ਼ਹੀਦੀ ਇਕ ਪੁੱਤਰ ਦੀ ਦੇਣੀ ਔਖੀ,
ਸਾਰੇ ਪਰਿਵਾਰ ਨੂੰ ਕੌਣ ਕਰਵਾ ਸਕਦਾ।
"ਬਲਬੀਰ" ਹੋਰ ਨਾ ਕੋਈ ਵੀ ਜੰਮਿਆ ਏਂ,
ਕਲਗੀਆ ਵਾਲਾ ਸਭ ਕੁੱਝ ਕਰਾ ਸਕਦਾ।

5 ਮਾਰਚ 1969

## ਸੂਬਾ ਤੇ ਸਾਹਿਬਜ਼ਾਦੇ

**ਸੂਲਾ–** ਥੋਨੂੰ ਬੇਗਮਾਂ ਵਿਆਹਵਾਂ
ਨਾਲੇ ਤਖ਼ਤ ਵਿਠਾਵਾਂ ਤੁਸੀਂ ਇਕ ਵਾਰੀ
ਈਨ ਮੰਨ ਜਾਓ ਬੱਚਿਓ
ਐਵੇਂ ਫੁੱਲਾਂ ਜਿਹੀ ਜ਼ਿੰਦ
ਨਾਂ ਗਆਓ ਬੱਚਿਓ

**ਸਾਹਿਬਜ਼ਾਦੇ–** ਸਾਨੂੰ ਕਾਸੇ ਦੀ ਨਾ ਲੋੜ
ਨਾ ਤੂੰ ਆਖ ਮੋੜ–ਮੋੜ
ਅਸੀਂ ਧਰਮ ਹੇਤ
ਮਰ ਜਾਈਏ ਸੂਬਿਆ
ਜ਼ਿੰਦ ਵਤਨ ਦੇ ਲੇਖੇ
ਅਸੀਂ ਲਾਈਏ ਸੂਬਿਆ

**ਸੂਬਾ–** ਕਿਹੜੀ ਗੱਲੋਂ ਤੁਸੀਂ
ਮਰਨ ਦੇ ਉਤੇ ਤੁੱਲਗੇ
ਤੁਸੀਂ ਮੌਤ ਦੇ ਤਸੀਹਿਆਂ
ਨੂੰ ਮਲੋਂ ਭੁੱਲ ਗੇ
ਇਹੇ ਕੀਮਤੀ ਵਕਤ
ਨਾ ਖੁੰਜਾਓ ਬੱਚਿਓ
ਐਵੇਂ ਫੁੱਲਾਂ ਜਿਹੀ.........

**ਸਾਹਿਬਜ਼ਾਦੇ–** ਸਾਡੀਆਂ ਰਗਾਂ ਵਿੱਚ
ਖ਼ੂੰਨ ਓਸ ਸੂਰਬੀਰ ਦਾ
ਜਿਹਦਾ ਸੌ–ਸੌ ਨਿਸ਼ਾਨਾ
ਇਕ–ਇਕ ਤੀਰ ਦਾ
ਅਸੀਂ ਵੱਡਿਆਂ ਨੂੰ ਲਾਜ
ਨਾ ਲਗਾਈਏ ਸੂਬਿਆ
ਜ਼ਿੰਦ ਵਤਨ ਦੇ.........

**ਸੂਬਾ–** ਮੈਨੂੰ ਕਹਿੰਦੇ ਨੇ ਵਜ਼ੀਰ
ਜਿਉਂਦੇ ਕੰਧੀਂ ਗੱਡ ਦੂੰ
ਕੰਧ ਵਿੰਗੀ ਨਾ ਕਰਾਊਂ
ਗਿੱਟੇ–ਗੋਡੇ ਵੱਢ ਦੂੰ
ਤੁਸੀਂ ਅਜੇ ਵੀ ਹੋਸ਼
ਵਿਚ ਆਓ ਬੱਚਿਓ
ਐਵੇਂ ਫੁੱਲਾਂ ਜਿਹੀ.........

**ਸਾਹਿਬਜਾਦੇ–** ਸਾਨੂੰ ਦੇਹ ਧਮਕੀਆਂ
ਦਿਲ ਆਈ ਕਰ ਲੈ
ਅਸੀਂ ਕਦੇ ਨਾ ਕਹੀਏ
ਤੂੰ ਨਰਮਾਈ ਕਰ ਲੈ
ਰਹਿੰਦੀ ਦੁਨੀਆਂ 'ਚ
"ਬਲਬੀਰ" ਕਹਾਈਏ ਸੂਬਿਆ
ਜਿੰਦ ਵਤਨ ਦੇ ਲੇਖੇ
ਅਸੀਂ ਲਾਈਏ ਸੂਬਿਆ

2 ਜਨਵਰੀ 1968

## ਗਭਰੂ ਢੋ ਲਏ ਨੇ

ਗੱਡੀਏ ਨੀ ਤੇਰੇ ਟੁੱਟ ਜਾਣ ਪਹੀਏ,
ਚਾਰੇ ਟੁੱਟ ਜਾਣ ਬਾਹੀਆਂ।
ਗਭਰੂ ਢੋ ਲਏ ਨੇ,
ਰੰਨਾਂ ਦੇਣ ਦੁਹਾਈਆਂ।

ਕਈਆਂ ਦੇ ਤੂੰ ਕੰਤ ਖੋਹ ਲਏ
ਕਈਆਂ ਦੇ ਵੀਰ ਪਿਆਰੇ
ਕਿਸੇ ਨੂੰ ਮਿਲਿਆ ਹਿਜਰ ਉਮਰ ਦਾ
ਕਿਸੇ ਨੂੰ ਅਥਰੂ ਖਾਰੇ
ਮਾਵਾਂ ਕੋਲੋਂ ਪੁੱਤਰ ਵਿਛੜਗੇ
ਦਿਉਰਾਂ ਤੋਂ ਭਰਜਾਈਆਂ
ਗਭਰੂ ਢੋ ਲਏ ਨੇ.........

ਕਿੰਨੀਆਂ ਨੂੰ ਮਿਲੀਆਂ ਲਾਲ-ਵਰੇਸੇ
ਸਾਰੀ ਉਮਰ ਦੀਆਂ ਕੂਕਾਂ
ਘੁੰਡਾਂ ਦੇ ਵਿਚ ਅੱਖੀਆਂ ਰੋਵਣ
ਉਠਣ ਕਲੇਜਿਉਂ ਹੂਕਾਂ
ਖੁਲ੍ਹੇ ਵਾਲ ਗਲ਼ਾਂ ਵਿਚ ਪੈਂਦੇ
ਫਿਰਦੀਆਂ ਵਾਂਗ ਸੁਦਾਈਆਂ
ਗਭਰੂ ਢੋ ਲਏ ਨੇ.........

ਕੱਲ੍ਹ ਜਿਹੜੀਆ ਅਜੇ ਸੀ ਸੁਹਾਗਣਾਂ
ਅੱਜ ਵਿਧਵਾਨੇ ਹੋਈਆਂ
ਸਾਰੀ ਉਮਰ ਜਿਨ੍ਹਾਂ ਹੱਸ ਕੇ ਮਾਣੀ
ਅੱਜ ਰੱਜ-ਰੱਜ ਕੇ ਰੋਈਆਂ
ਕਈ ਕਲੀਆਂ ਖਿੜਨ ਤੋਂ ਪਹਿਲਾਂ
ਗਈਆਂ ਨੇ ਮੁਰਝਾਈਆਂ
ਗਭਰੂ ਢੋ ਲਏ ਨੇ.........

ਅਮਨ-ਅਮਨ ਦੇ ਹੋਕੇ ਲਾਉਂਦੇ
ਤੁਰ ਗਏ ਅਮਨ ਦੇ ਪਾਂਧੀ
ਪਰ "ਬਲਬੀਰ" ਇਹ ਖ਼ਤਮਨਾ ਹੋਈ
ਜੰਗਾਂ ਦੀ ਜੋ ਆਧੀ
ਅਜੇ ਵੀ ਦੁਨੀਆਂ ਦੇ ਮੁਲਕਾ 'ਚ
ਹੋਈਅਏ ਨੀਂ ਸੂਲ੍ਹਾ-ਸਫਾਈਆਂ'
ਗਭਰੂ ਢੋ ਲਏ ਨੇ.........

14 ਜਨਵਰੀ 1968

## ਅਮਨਾਂ ਦਾ ਮਾਹੀ

### 27 ਮਈ 1964 ਦੇ ਨਾਉਂ

ਅੱਜ ਸਾਡੇ ਲੇਖਾਂ ਉਤੇ,
ਡੁੱਲ੍ਹ ਗਈ ਸਿਆਹੀ ਨੀ।
ਕਰ ਗਿਆ ਹਿੰਦ ਰੰਡੀ,
ਅਮਨਾਂ ਦਾ ਮਾਹੀ ਨੀ।

ਫੁੱਲਾਂ ਨੂੰ ਹਾਸੇ ਭੁੱਲੇ
ਭੌਰਿਆਂ ਨੂੰ ਰਾਗਨੀ
ਮਹਿਕਾਂ ਨਾ ਭਰਿਆ ਉਹੋ
ਛੱਡ ਗਿਆ ਬਾਗ ਨੀ
ਬੱਚਾ-ਬੱਚਾ ਮੁਲਕ ਦਾ
ਮਾਰਦਾ ਏ ਧਾਹੀਂ ਨੀ
ਕਰ ਗਿਆ ਹਿੰਦ ਰੰਡੀ
ਅਮਨਾਂ ਦਾ ਮਾਹੀ ਨੀ

ਗਲੀ-ਗਲੀ ਵਿਚ ਅਜ
ਮਚਿਆ ਏ ਸੋਗ ਨੀ
ਹਿੰਦ ਦੇ ਬਗੀਚੜੇ ਚੋਂ
ਮੁੱਕੀ ਉਹਦੀ ਚੋਗ ਨੀ
ਨਸੀਬ ਨਾ ਪ੍ਰਾਏ ਲਗਦੇ
ਹੁੰਦੀ ਨਾ ਮਨਚਾਹੀ ਨੀ
ਕਰ ਗਿਆ ਹਿੰਦ ਰੰਡੀ
ਅਮਨਾ ਦਾ ਮਾਹੀ ਨੀ

ਗੰਗਾ ਅਤੇ ਜਮਨਾਂ ਦੀਆਂ
ਸੁਰਾਂ ਨੇ ਉਦਾਸ ਨੀ
ਹਿਮਾਲਾ ਨੇ ਧਾਹਾਂ ਮਾਰ
ਕੀਤਾ ਮਾਤਮ ਖਾਸ ਨੀ
ਜੰਜੀਰ ਗੁਲਾਮੀਆਂ ਦੀ
ਗਲੋਂ ਉਹਨੇ ਲਾਹੀ ਨੀ

ਕਰ ਗਿਆ ਹਿੰਦ ਰੰਡੀ
ਅਮਨਾ ਦਾ ਮਾਹੀ ਨੀ

ਅਜੇ ਤਾਂ ਸੀ ਲੋੜ ਉਹਦੀ
ਦੇ ਗਿਆ ਵਿਛੋੜਾ ਨੀ
ਹੋਣੀ ਨਿਮਾਣੀ ਨੇਂ
ਮਾਰਿਆ ਏ ਲੋਹੜਾ ਨੀ
"ਬਲਬੀਰ" ਉਹੋ ਦੇਸ਼ ਦਾ
ਸੱਚਾ ਸੀ ਸਿਪਾਹੀ ਨੀ
ਕਰ ਗਿਆ ਹਿੰਦ ਰੰਡੀ
ਅਮਨਾਂ ਦਾ ਮਾਹੀ ਨੀ

23 ਜਨਵਰੀ 1968

## ਨਿੱਤ ਪੀਵੇਂ ਤੂੰ

ਨਿੱਤ ਪੀਵੇਂ ਤੂੰ ਰੂੜੀ ਮਾਰਕਾ
ਘਰ ਦੀ ਕੱਢੀ ਦੇ
ਮੁਸ਼ਕਲ ਹੋ ਜੂ ਜੀਣਾਂ
ਜੇ ਲੀਹੋਂ ਲਹਿਗੀ ਗੱਡੀ ਵੇ

ਤੂੰ ਆਪਣੇ ਤੱਕ ਸੀਮਤ
ਤੈਨੂੰ ਫਿਕਰ ਨਾ ਘਰ ਦਾ
ਪਹਿਲੋਂ ਲਾਵੇਂ ਹਾੜਾ
ਮਗਰੋਂ ਮਲਦੈਂ ਜਰਦਾ
ਸ਼ਰਾਬ ਦਾ ਤੈਨੂੰ ਠਰਕ
ਜਿਵੇਂ ਕੁੱਤੇ ਨੂੰ ਹੱਡੀ ਵੇ
ਨਿੱਤ ਪੀਵੇਂ ਤੂੰ.........

ਬਹਜਿੇ ਬੇੜੀ ਵਿਚੋਲੇ ਦੀ
ਮੇਰੀ ਕਿਸਮਤ ਖੋਟੀ
ਤੂੰ ਆਪ ਕਰੇਂ ਇਯਾਸ਼ੀਆਂ
ਸਾਨੂੰ ਮਿਲੇ ਨਾ ਰੋਟੀ
ਇਸੇ ਦੁਖੋਂ ਹਟਾਈ ਸਕੂਲੋਂ
ਕੁੜੀ ਮੈਂ ਵੱਡੀ ਵੇ
ਨਿੱਤ ਪੀਵੇਂ ਤੂੰ.........

ਅੰਨ ਦਾ ਨਸ਼ਾ ਬੜਾ
ਇਹ ਕਹਿਣ ਸਿਆਣੇ
ਐਬੀਆਂ ਦੇ ਕਦੇ ਘਰ ਵੱਸੇ
ਹੁੰਦੇ ਸਦਾ ਤਿੰਨ ਕਾਣੇ
“ਬਲਬੀਰ” ਕਹੇ ਲਤ ਨਸ਼ੇ ਦੀ
ਕਰਦੀ ਬੰਦਾ ਰੱਦੀ ਵੇ
ਨਿੱਤ ਪੀਵੇਂ ਤੂੰ.........

14 ਫਰਵਰੀ 2008

## ਵਸਦੇ ਪੰਜਾਬ ਨੂੰ

ਕਰਤਾ ਖਰਾਬ ਇਨ੍ਹਾਂ
ਗੁਲਾਬ ਦੇ ਸ਼ਬਾਬ ਨੂੰ
ਨਸ਼ਿਆਂ ਪੱਟ ਦਿਤਾ
ਵਸਦੇ ਪੰਜਾਬ ਨੂੰ
ਹਸਦੇ ਪੰਜਾਬ ਨੂੰ

ਨਵੇਂ-ਨਵੇਂ ਕਿਸਮਾਂ ਦੀਆਂ
ਸਹੇੜੀਆਂ ਬੀਮਾਰੀਆਂ
ਕੈਪਸੂਲ, ਗੋਲੀਆਂ ਨਾ
ਲਾ ਲਈਆਂ ਯਾਰੀਆਂ
ਅੱਜ ਦੀ ਉਲਾਦ ਭੁੱਲਗੀ
ਅਦਬ-ਓ-ਅਦਾਬ ਨੂੰ
ਨਸ਼ਿਆਂ ਨੇ ਪੱਟ.........
ਪਾ ਲਈਆਂ ਨੇ ਕੋਠੀਆਂ
ਵੇਚ ਕੇ ਜ਼ਮੀਨ ਨੂੰ,
ਮੁੰਡੇ ਲਭਦੇ ਫਿਰਨ ਪਏ
ਚਰਸ ਤੇ ਕੁਨੀਨ ਨੂੰ
ਹੱਥ ਨਹੀਉਂ ਲਾ ਕੇ ਰਾਜੀ
ਪੜ੍ਹਾਈ ਦੀ ਕਿਤਾਬ ਨੂੰ
ਨਸ਼ਿਆਂ ਨੇ ਪੱਟ.........

ਕਈ ਲਾਉਣ ਟੀਕੇ ਕਈ
ਸਮੈਕ ਦੇ ਆਦੀ ਨੇ
ਸਿਹਤ ਅਤੇ ਪੈਸੇ ਦੀ
ਕਰਦੇ ਬਰਬਾਦੀ ਨੇ
ਜਿੰਦ-ਜਾਨ ਸਮਝਣ ਕਈ
"ਬਲਬੀਰ" ਇਹ ਸ਼ਰਾਬ ਨੂੰ
ਨਸ਼ਿਆਂ ਨੇ ਪੱਟ.........

20 ਜੁਲਾਈ 2008

## ਦਾਤੇ ਦਾ ਅੱਟਲ ਭਾਣਾ

ਚੜਿਆ ਮਾਇਆ ਦਾ ਸਰੂਰ
ਤਾਹੀਉਂ ਹੋਇਆ ਮਗਰੂਰ
ਤੈਂ ਇਕ ਦਿਨ ਲੱਦ ਜਾਣਾ
ਹੈ ਦਾਤੇ ਦਾ ਅੱਟਲ ਭਾਣਾ

ਤੇਮੂਰ, ਅਬਦਾਲੀ, ਨਾਦਰ
ਇਹ ਸਭ ਕਿਥੇ ਨੇ?
ਕੰਸ, ਹਰਨਾਕਸ, ਬਾਬਰ
ਇਹ ਸਭ ਕਿਥੇ ਨੇ?
ਫਾਨੀ ਹੈ ਸਭ ਸੰਸਾਰ
ਛੱਡ ਜਾਣਾ ਤਾਣਾ-ਬਾਣਾ
ਹੈ ਦਾਤੇ ਦਾ ਅੱਟਲ ਭਾਣਾ.........

ਸੀ ਬੰਦਾ ਬੜਾ ਸੁਖੀ
ਰਹਿੰਦਾ ਸੀ ਵਿਚ ਕੰਦਰਾਂ ਦੇ
ਛੱਪੜੀ ਬੰੜ੍ਹਦੀ ਦਾਵੇ,
ਪਈ ਨਾਲ ਸਮੁੰਦਰਾਂ ਦੇ
ਕਾਲ ਨਾ ਬਖਸ਼ੇ ਕਿਸੇ ਨੂੰ
ਕੀ ਰੰਕ ਕੀ ਹੈ ਰਾਣਾ
ਹੈ ਦਾਤੇ ਦਾ ਅੱਟਲ ਭਾਣਾ.........

“ਬਲਬੀਰ” ਜੇ ਚੰਗੀ ਯਾਦ
ਪਿਛੇ ਛੱਡ ਜਾਵੇਂਗਾ
ਤਾਂ ਅਗਲੇ ਜਹਾਨ ਜਾ ਕੇ
ਤੂੰ ਸੁਖ ਪਾਵੇਂਗਾ
ਇਹ ਜੱਗ ਏ ਇਕ ਸਰਾਂ
ਬਨਿਆਂ ਏਂ ਆਣਾ-ਜਾਣਾ
ਹੈ ਦਾਤੇ ਦਾ ਅੱਟਲ ਭਾਣਾ.........

6 ਜੂਨ 2008

## ਅਜੀਤ-ਜੁਝਾਰ

ਜਦੋਂ ਘੇਰਾ ਪੈ ਗਿਆ ਗੜ੍ਹੀ ਨੂੰ
ਸਿੰਘ ਗਏ ਸੀ ਹੌਸਲੇ ਢਾ
ਏਧਰ ਚਾਲੀ ਸਿੱਖ ਸੀ ਗਿਣਵੇਂ
ਘੇਰਾ ਲਿਆ ਦੱਸ ਲੱਖਨੇ ਪਾ
ਕਹਿੰਦੇ ਕਰੀਏ ਕੀ ਬਾਜਾ ਵਾਲਿਆ
ਗਿਆ ਦਲ ਵੈਰੀਆਂ ਦਾ ਆ
ਇੱਕ ਮੁੱਠ ਭਰ ਸਾਡੀ ਫੌਜ ਏ
ਕੀ ਆਊਗਾ ਜੂਝ ਕੇ ਮਜ਼ਾ"

ਐਸੀ ਤਾਕਤ ਬਖ਼ਸ਼ੀ ਗੁਰਾਂ ਨੇ
ਦਿਤੇ ਗਿੱਦੜੋਂ ਸ਼ੇਰ ਬਣਾ
ਪਿਆ ਕੱਲਾ-ਕੱਲਾ ਸਵਾ ਲੱਖ ਨੂੰ
ਦਿਤੀ ਵੈਰੀਆਂ ਤੇ ਧਾਂਕ ਬਿਠਾ
ਆਖਿਰ ਸਿੰਘ ਸ਼ਹੀਦ ਬੜੇ ਹੋ ਗਏ
ਗਈ ਵਾਰੀ ਪੁੱਤਰਾਂ ਦੀ ਆ
ਹੱਥੀਂ ਤੋਰਿਆ ਕੱਲੇ-ਕੱਲੇ ਨੂੰ
ਮੌਤ ਲਾੜੀ ਦੇ ਕੰਤ ਬਣਾ

ਇਉਂ ਨਿਕਲਿਆ ਅਜੀਤ ਸਿੰਘ ਸੂਰਮਾ
ਜਿਉਂ ਪਿੰਜਰਿਉਂ ਸੇਰ ਨਿਕਲਿਆ
ਉਹਦੇ ਮੁਖੜੇ ਦੀ ਲਾਲੀ ਦੇਖ ਕੇ
ਸੂਰੱਜ ਬੱਦਲੀ ਛੁਪਿਆ ਜਾ
ਉਨ੍ਹੇ ਵੱਢ-ਵੱਢ ਕੀਤੇ ਡੱਕਰੇ
ਦਿਤੇ ਢੇਰ ਲਾਸ਼ਾਂ ਦੇ ਲਾ
ਉਹਦੀ ਤੇਗਾਂ ਨੂੰ ਆਉਣ ਕਚੀਚੀਆਂ
ਬੈਠਾ ਮੁਗਲ ਤਾਂ ਹੋਸ਼ ਭੁਲਾ

ਅੰਤ ਲੜਦਾ-ਲੜਦਾ ਸੂਰਮਾਂ
ਰਲਿਆ ਵਿਚ ਸ਼ਹੀਦਾਂ ਜਾ
ਤੀਰਾਂ ਤੇ ਜ਼ਾਲਮ ਨੇਜਿਆਂ

ਦੇਹ ਦਿਤੀ ਸੀ ਛਾਨਣੀ ਬਣਾ
ਉਹ ਜਿੰਦ ਕੁਆਰੀ ਆਪਣੀ
ਗਿਆ ਵਤਨ ਦੇ ਲੇਖੇ ਲਾ
ਮਰਨਾ ਦੇਸ਼ ਤੇ ਕੌਮ ਲਈ
ਕਿਵੇਂ ਮਰੀਦਾ ਗਿਆ ਸਿਖਾ

ਹੁਣ ਵਾਰੀ ਆਈ, ਜੁਝਾਰ ਦੀ
ਰਹੇ ਕਲ਼ਗੀਆਂ ਵਾਲੇ ਸਜਾ
ਉਨ੍ਹੇਂ ਭੱਥਾ ਚੁੱਗਿਆ ਤੀਰਾਂ ਦਾ
ਲਿਆ ਕਮਾਣ ਮੋਢੇ ਲਟਕਾ
ਤੁਰ ਪਿਆ ਮੌਤ ਵਿਆਹੁਣ ਨੂੰ
ਅੰਤ ਪਿਤਾ ਨੂੰ ਫਤਹਿ ਬੁਲ਼ਾ
ਉਨ੍ਹੇ ਮਾਰੀਆਂ ਕਾਨੀਆਂ ਜੋੜ ਕੇ
ਦਿਤੇ ਦੁਸ਼ਮਣਾਂ ਦੇ ਸੱਥਰ ਲਾ

ਉਹਦੀ ਚੰਡੀ ਜਿਉਂ ਬਿਜਲੀ ਚਮਕਦੀ
ਗਈ ਵੈਰੀਆਂ ਦੇ ਚਿੱਤ ਡੁਲਾ
ਉਹਨੇ ਚੁਣ-ਚੁਣ ਮਾਰੇ ਸੂਰਮੇਂ
ਦਿਤੀਆਂ ਰਣ ਵਿਚ ਧੁੰਮਾ ਪਾ
ਓੜਕ ਗੋਦੀ ਮੌਤ ਦੀ ਸੌਂ ਗਿਆ
ਜਿਥੇ ਸੁੱਤਾ ਸੀ ਵੱਡਾ ਭਰਾ
"ਬਲਵੀਰ" ਜੋ ਪੱਤਰਾ ਤਵਾਰੀਖ ਦਾ
ਪੜ੍ਹ ਦੇਖੋ ਏ ਪੱਕਾ ਗੁਵਾਹ

21 ਅਪ੍ਰੈਲ 1975

## ਇੱਕ ਦਿਨ

ਇਹੇ ਜਿੰਦਾਂ ਨੇ ਕੋਈ ਰੋਜ਼ ਦੀਆਂ ਪ੍ਰਾਹੁਣੀਆਂ
ਇਥੇ ਪਾ ਨਾ ਬਹਿੰਣਾ ਕਿਸੇ ਛਾਉਂਣੀਆਂ
          ਇਕ ਦਿਨ ਤੁਰ ਜਾਣਾ
          ਕੀ ਰੰਕ ਕੋਈ ਕੀ ਹੈ ਰਾਣਾ

ਸਭ ਕੱਢ ਕੇ ਦਿਲਾਂ ਵਿਚੋਂ ਖਾਰ ਤੂੰ
ਵਸ ਦੁਨੀਆਂ 'ਚ ਪਾ ਕੇ ਪਿਆਰ ਤੂੰ
          ਹੰਕਾਰ ਨੂੰ ਵੀ ਮਾਰ ਤੂੰ
          ਛੱਡ ਦੇ ਪ੍ਰਾਇਆ ਖਾਣਾ
          ਇੱਕ ਦਿਨ.........

ਛੱਡ ਚੋਰੀ, ਯਾਰੀ, ਹੋਰ ਭੈੜਆਂ ਬਾਦੀਆਂ
ਇਹੋ ਕਰਦੀਆਂ ਸਦਾ ਬਰਵਾਦੀਆਂ
          ਤੇ ਮਾਣੇਂਗਾ ਤੂੰ ਸ਼ਾਦੀਆਂ
          ਹੈ ਸੁੱਤਿਆਂ ਨੂੰ ਜਗਾਣਾ
          ਇੱਕ ਦਿਨ.........

ਹਰ ਕਿਸੇ ਨਾ ਕਰੀਂ ਸਦਾ ਚੰਗੀ ਤੂੰ
ਭਾਵੇਂ ਕੱਟ ਲਈ ਆਪ ਇਥੇ ਤੰਗੀ ਤੂੰ
          ਨਾ ਘੁੱਟੀ ਕੋਈ ਸੰਘੀ ਤੂੰ
          ਡਿਰਾਦਿਆਂ ਨੂੰ ਉਠਾਣਾ
          ਇਕ ਦਿਨ.........

ਹਰ ਕਿਸੇ ਨਾ ਕਰੀਂ ਸਦਾ ਚੰਗੀ ਤੂੰ
ਭਾਵੇਂ ਕੱਟ ਲਈ ਆਪ ਇਥੇ ਤੰਗੀ ਤੂੰ
          ਨਾ ਘੁੱਟੀਂ ਕੋਈ ਸੰਘੀ ਤੂੰ
          ਡਿਗਦਿਆਂ ਨੂੰ ਉਠਾਣਾ
          ਇੱਕ ਦਿਨ.........

ਯਾਦ ਰੱਖੀਂ ਸਦਾ ਓਸ ਸਿਰਜਣਹਾਰ ਨੂੰ
"ਸਾਹਨੇਵਾਲੀਏ ਬਲਬੀਰ" ਦੇ ਦਾਤਾਰ ਨੂੰ
ਅਪਰੰਮਪਾਰ ਨੂੰ
ਜਿਸ ਦਾ ਦਿਤਾ ਖਾਣਾ
ਇੱਕ ਦਿਨ.........

20 ਮਾਰਚ 1974

## ਢਾਈਆਂ ਢੇਰੀਆਂ

ਇੱਕ ਤੱਕਿਆਂ ਆਸਰਾ ਤੇਰਾ,
ਹੋਰ ਸਭ ਢਾਈਆਂ ਢੇਰੀਆਂ।

ਸਦੀਆਂ ਨੇ ਪੰਜ ਬੀਤੀਆਂ
ਜਦੋਂ ਜਨਮ ਤੇਰਾ ਸੀ ਹੋਇਆ
ਸਿੱਖੀ ਦਿਆਂ ਠੇਕੇਦਾਰਾਂ ਨੇ
ਤੇਰੇ ਸੱਚ ਦੇ ਸਿਧਾਤਾਂ ਨੂੰ ਲਕੋਇਆ
ਸੱਚੀ-ਮੁੱਚੀ ਗੱਲ ਕੋਈ ਨ੍ਹੀਂ
ਹੋਇਆ ਕੂੜ ਦਾ ਪਸਾਰਾ ਏ ਵਥੇਰਾ
ਹੋਰ ਸਭ ਢਾਈਆਂ.........

ਤੇਰੀਆਂ ਸੀ ਗੱਲਾਂ ਸਿੱਧੀਆਂ
ਦਸਾਂ-ਨੌਹਾਂ ਦੀ ਕਮਾਈ ਕਰਨੀ
ਹੱਕ ਨ੍ਹੀਂ ਪ੍ਰਾਇਆ ਦੱਬਣਾ
ਜੈਸੀ ਕਰਨੀ ਵੈਸੀ ਹੈ ਭਰਨੀ
ਪੁੰਨ ਸਦਾ ਤਰ ਜਾਂਵਦਾ
ਡੁੱਬ ਜਾਂਦਾ ਏ ਪਾਪ ਦਾ ਬੇੜਾ
ਹੋਰ ਸਭ ਢਾਈਆਂ.........

ਵਹਿਮਾਂ ਅਤੇ ਭਰਮਾਂ ਦੀ
ਤੂੰ ਦੱਸੀ ਸੀ ਸਭ ਨੂੰ ਦਵਾਈ
ਅਸਲੀਅਤ ਨਾ ਕੋਈ ਖੋਜ ਦਾ
ਕਰਾਮਾਤਾਂ ਪਿਛੇ ਪਈ ਐ ਲੁਕਾਈ
ਲੋਕਾਂ ਨੂੰ ਜਿਹੜੇ ਦੇਣ ਰੋਸ਼ਨੀ
ਅੰਦਰ ਉਨ੍ਹਾਂ ਦੇ ਹਨੇਰਾ ਈ ਹਨੇਰਾ
ਹੋਰ ਸਭ ਦੀਆਂ.........

ਪੁਰਬ ਤੇਰਾ ਹਰ ਸਾਲ ਈ
ਬੜੇ ਸ਼ੌਂਕ ਨਾਲ ਸਭ ਨੇ ਮਨਾਉਂਦੇ
ਗੀਤ ਤੇਰੀ ਮਹਿਮਾਂ ਦੇ

ਰੱਜ-ਰੱਜ ਕੇ ਸਾਰੇ ਆਂ ਗਾਉਂਦੇ
ਪੁਛਦਾ "ਬਲਬੀਰ" ਖੜ੍ਹਾ
ਕਿਹੜੇ ਰੂਪ 'ਚ ਪਾਏਗਾ ਕਦ ਫੇਰਾ
ਹੋਰ ਸਭ ਢਾਈਆਂ ਢੇਰੀਆਂ
ਇੱਕ ਤੱਕਿਆ ਆਸਰਾ ਤੇਰਾ

29 ਜਨਵਰੀ 1972

## ਮੇਰੇ ਵਤਨ ਦੇ ਬੰਦੇ

ਜਿਉਂ ਪਹੁ ਫੁਟਦੀ ਏ
ਪ੍ਰਭਾਤ ਹੁੰਦੀ ਏ
ਦਿਨ ਹੁੰਦਾ ਏ
ਰਾਤ ਹੁੰਦੀ ਏ
ਇਉਂ ਅਏ ਰੋਜ਼
ਮੁਲਾਕਾਤ ਹੁੰਦੀ ਏ

ਤਾਂਬੇ-ਰੰਗੀ ਰੇਤ ਦੇ ਉੱਤੇ
ਘਟਨਾ ਘਟੀ ਕੱਤਕ ਦੀ ਰੱਤੇ
ਤੁਰਿਆ ਜਾਵਾਂ-ਤੁਰਿਆ ਜਾਵਾਂ
ਰੋਜ਼ ਈ ਇਕੁਣ
ਇਕ ਦੇਵੀ ਦੇ
ਦਰਸ਼ਣ ਪਾਵਾਂ
ਸਦਕੇ ਜਾਵਾਂ

ਰੂਪ ਓਸ ਦਾ
ਕੀ ਕੁਝ ਆਖਾਂ
ਜਿਉਂ ਕੋਈ ਸੂਰਜ
ਲਾਟਾਂ ਮਾਰੇ
ਉਮਰ ਓਸ ਦੀ
ਸੋਲਾਂ ਨੂੰ ਢੁੱਕੀ
ਜੁਆਨੀ ਪਈ
ਮਾਰੇ ਲਲਕਾਰੇ
ਥਾਂ-ਥਾਂ ਤੋਂ ਉਹਦੇ
ਪਾਟ ਕਪੜੇ
ਹੁਸਨ ਵਿਚੋਂ ਦੀ ਝਾਤੀਆਂ ਮਾਰੇ
ਕਸਬ ਓਸ ਦਾ
ਮੂੰਗਫਲੀ ਦੀ
ਗੱਠੀ-ਗੱਠੀ
ਕਰ-ਕਰ ਕੱਠੀ

ਝੋਲੀ ਅੰਦਰ
ਪਾਈ ਜਾਵੇ
ਪੂਰਾ ਟਿੱਲ
ਲਗਾਏ ਜਾਵੇ
ਕਦੇ-ਕਦੇ ਸਹਿਮੀ
ਹਿਰਨੀ ਵਾਂਗੂੰ
ਆਲਾ-ਦੁਆਲਾ
ਤੱਕੀ ਜਾਵੇ

ਮਾਂ ਅੰਨ੍ਹੀ ਦੇ
ਬਾਪ ਬੁੱਢਾ ਏ
ਇਹ ਦੇਵ
ਸੰਤਾਨ ਉਨ੍ਹਾਂ ਦੀ
ਇਕੋ ਇਕ ਏ
ਜਾਂਨ ਉਨ੍ਹਾਂ ਦੀ
ਮਾਣ ਉਨ੍ਹਾਂ ਦੀ
ਸਾਨ ਉਨ੍ਹਾਂ ਦੀ

ਤ੍ਰਕਾਲੀ ਜਦੋਂ
ਹੱਟ ਤੇ ਜਾਵੇ
ਬਾਣੀਆਂ ਛੱਡ ਕੇ
ਬਣਜ ਅਪਣਾ
ਮੁੱਲ ਓਸ ਦਾ
ਪਾਉਂਣਾ ਚਾਹਵੇ
ਅਬਲਾ ਉਤੇ
ਤਰਸ ਨਾਖਾਵੇ
ਅਗੇ ਈ ਅਗੇ
ਵਧਦਾ ਜਾਵੇ
ਵਧਦਾ ਜਾਵੇ

ਮੱਨੁਖਤਾ ਦੇ ਰੂਪ 'ਚ
ਇਹੋ ਦਰਿੰਦੇ
ਮਜਲੂਮਾਂ ਦਾ
ਖ਼ੂੰਨ ਨੇ ਪੀਂਦੇ
ਇਹ ਨੇ ਇਹਨਾਂ
ਲੋਕਾਂ ਦੇ ਧੰਦੇ
"ਬਲਬੀਰ" ਅਜਿਹੇ ਨੇ
ਮੇਰੇ ਵਤਨ ਦੇ ਬੰਦੇ ?

15 ਜੁਲਾਈ 1971

# ਭੈਣ ਦੇ ਵੀਰ

ਕਦੇ ਆ ਜਾ ਭੈਣ ਦੇ ਵੀਰ,
ਪੁੰਨਿਆਂ ਦਾ ਚੰਨ ਬਣ ਕੇ।
ਮੇਰੀ ਜਾਗ ਪਏ ਸੁੱਤੀ ਤਕਦੀਰ,
ਪੁੰਨਿਆਂ ਦਾ ਚੰਨ ਬਣਕੇ।
ਇਕੋ-ਇਕ ਅੰਬੜੀ ਨੇ ਦਿੱਤਾ ਮੈਨੂੰ ਵੀਹ ਏ
ਉਹੀ ਨੈਣੋਂ ਦੂਰ ਦੇਖੋ ਕੈਸੀ ਤਕਦੀਰ ਏ
ਛੇਤੀਆ ਜਾ ਤੂੰ ਪਾ ਕੇ ਵਹੀਰ
ਪੁੰਨਿਆਂ ਦਾ ਚੰਨ.........

ਰੋ-ਰੋ ਕੇ ਦੀਦੇ ਸੁੱਜ ਗਏ ਭਰਜਾਈ ਦੇ
ਚੜ੍ਹਦੀ ਜੁਆਨੀ ਤੀਰ ਬੱਜਗੇ ਜੁਦਾਈ ਦੇ
ਸਾਡੇ ਨੈਣਾਂ ਅਗੇ ਤੇਰੀ ਤਸਵੀਰ
ਪੁੰਨਿਆਂ ਦਾ ਚੰਨ.........

ਮਿੱਟੀ ਵਿੱਚ ਰੁਲ ਗਈ ਪਿਤਾ ਜੀ ਦੀ ਆਸ ਵੇ
ਰਹਿੰਦੇ ਦੇ ਮਾਯੂਸ ਸ੍ਰੀ ਚੰਦ ਲਖਮੀ ਦਾਸਵੇ
ਚਾਚਾ ਲਾਲੂ ਵੀ ਹੋਇਆ ਦਿਲਗੀਰ
ਪੁੰਨਿਆਂ ਦਾ ਚੰਨ.........

24 ਸਤੰਬਰ 1969

## ਬੜਾ ਏ ਫਰਕ

ਮੁੰਡੇ-ਕੁੜੀ ਲਈ ਕਨੂੰਨ
ਇਕੋ ਐ ਸਰਕਾਰ ਦਾ
ਬੜਾ ਏ ਫਰਕ ਪਰ
ਮਾਂ ਦੇ ਪਿਆਰ ਦਾ

ਪੁੱਤਰ ਦੀ ਹਰ ਸੰਗ
ਮਾਨੂੰ ਪਰਵਾਨ ਹੈ
ਮਾਂ ਵਾਸਤੇ ਪੁੱਤ
ਬੜਾ ਹੀ ਮਹਾਨ ਹੈ
ਧੀ ਲਈ ਸਾਈਕਲ ਨਾ
ਮੁੰਡੇ ਨੂੰ ਵਾਅਦਾ ਕਾਰ ਦਾ
ਬੜਾ ਏ ਫਰਕ.........

ਧੀ ਪੜ੍ਹਨ 'ਚ ਅੱਬਲ
ਅਤੇ ਫਸਟ ਡਬੀਜ਼ਨਾਂ
ਸਾਹਿਬਜ਼ਾਦਾ ਕਹੀ ਜਾਵੇ
ਪੜ੍ਹਾਈ ਕੋਈ ਚੀਜ਼ ਨਾ
ਅਠਵੀਂ 'ਚ ਅੜਿਆ ਬੈਠਾ
ਕੁਝ ਨਾ ਵਿਚਾਰ ਦਾ
ਬੜਾ ਏ ਫਕਰ.........

ਮਾਂ ਵੀ ਤਾਂ ਆਖਿਰ
ਕਿਸੇ ਦੀ ਧੀ ਐ
ਧੀ ਜਿਹੜੀ ਹੈ
ਉਹ ਵੀ ਰੱਬ ਦਾ ਜੀ ਐ
ਕੁੜੀ ਨੂੰ ਸੂਟ ਸੌ ਦਾ
ਤੇ ਮੁੰਡੇ ਨੂੰ ਹਜਾਰ ਦਾ
ਬੜਾ ਏ ਫਕਰ.........

ਧੀ ਨੂੰ ਜਨਮ ਤੋਂ ਪਹਿਲਾਂ
ਕਈ ਲੋਕ ਮਾਰਦੇ
ਪੁੱਤੀਂ ਗੰਢ ਪਵੇ ਅਖੇ
ਵਿਚ ਸੰਸਾਰ ਦੇ
"ਬਲਬੀਰ" ਕਦੇ ਬੰਦੇ ਕੋਲੋਂ
ਰੱਬ ਨਹੀਉਂ ਹਾਰ ਦਾ
ਬੜਾ ਏ ਫਕਰ ਇੰਜ
ਮਾਂ ਦੇ ਪਿਆਰ ਦਾ

20 ਜੂਨ 2003

## ਆ ਜਾ ਮੇਰੇ ਵੀਰਾ

ਕਿਹੜੀ ਗੱਲੋਂ ਦੱਸ ਵੀਰਾ,
ਹੋਇਆ ਫਿਰੇਂ ਸਾਧ ਵੇ।
ਆ ਜਾ ਮੇਰੇ ਵੀਰਾ,
ਭੈਣ ਕਰਦੀ ਆ ਯਾਦ ਵੇ।

ਭੈਣ ਇਕ ਤੜਫਦੀ ਏ
ਵੀਰ ਦੇ ਪਿਆਰ ਨੂੰ
ਨੈਣ ਪਏ ਤਰਸਦੇ ਨੇ
ਤੇਰੇ ਹੀ ਦੀਦਾਰ ਨੂੰ
ਜੁਦਾਈ ਤੇਰੀ ਮਾਰਦੀ
ਬਣ ਕੇ ਜੁਲਾਦ ਵੇ
ਆ ਜਾ ਕੇ.........

ਭੁੱਲ-ਭੁਲੇਖੇ ਕਿਵੇਂ
ਇਕ ਫੇਰਾ ਪਾ ਜਾਵੇ
ਉਡੀਕ ਦੀ ਏ ਨਾਨਕੀ
ਤੂੰ ਇਕ ਵਾਰ ਆ ਜਾਵੇ
ਤੇਰੇ ਅਗੇ ਅਜ ਮੈਂ ਤਾਂ
ਕਰਾਂ ਫਰਿਆਦ ਵੇ
ਆ ਜਾ ਮੇਰੇ.........

ਤਾਂਘ ਨਾ ਉਡੀਕ ਦੇ ਨੇ
ਤੇਰੇ ਜੋ ਮੁਰੀਦ ਵੇ
ਇਕ ਵਾਰੀ ਆਕੇ ਸਾਨੂੰ
ਦੇ ਜਾ ਤੂੰ ਦੀਦ ਵੇ
ਸਾਨੂੰ ਸੁੱਟ ਬਿਰਹੋਂ 'ਚ
ਹੋਇਆ ਏਂ ਅਜ਼ਾਦ ਵੇ
ਆ ਜਾ ਮੇਰੇ.........

ਆ ਜਾ ਹੁਣ ਵੀਰਾ
ਨਾਉਂ ਲੈ ਕੇ ਕਰਤਾਰ ਦਾ
"ਬਲਬੀਰ" ਸਾਹ ਨੇ ਵਾਲੀਆਂ
ਨਿੱਤ ਹੀ ਪੁਕਾਰ ਦਾ
ਘੁੰਮੀਆਂ ਤੂੰ ਚਾਰੇ ਕੂੰਟਾਂ
ਸਣੇ ਬਗਦਾਦ ਵੇ
ਆ ਜਾ ਮੇਰੇ.........

15 ਅਗਸਤ 1969

## ਫੌਜੀਆ

ਦੇਸ਼ ਦੀ ਏਂ ਤੂੰ ਤਾਂ ਜਿੰਦ ਜਾਂਨ ਫੌਜੀਆ
ਤੇਰੇ ਉਤੇ ਦੇਸ਼ ਨੂੰ ਏ ਮਾਣ ਫੌਜੀਆਂ
ਸਵਾ ਲੱਖ ਨੂੰ ਕੱਲਾ ਈ ਪੈ ਜਾਏਂ
ਪਿੱਠ ਨਾ ਦਿਖਾਏ ਗੋਲੀ ਹਿੱਕ 'ਚ ਖਾਏਂ
ਅਣਖ ਤੇ ਬੀਰਤਾ ਦਾ ਨਿਸ਼ਾਨ ਫੌਜੀਆ
ਤੇਰੀ ਉਤੇ ਦੇਸ਼.........

ਵਤਨ ਆਪਣੇ ਨੂੰ ਸਮਝੇ ਘਰ-ਬਾਰ ਤੂੰ
ਗੋਰੀ ਨਾਲੋਂ ਵੱਧ ਕਰੇਂ ਏਸ ਨੂੰ ਪਿਆਰ ਤੂੰ
ਸੀਨਾ ਤੇਰਾ ਨਿਰਾ ਏ ਚਟਾਨ ਫੌਜੀਆ
ਤੇਰੇ ਉਤੇ ਦੇਸ਼.........
ਜੁਆਨਾ ਤੂੰ ਬਣਾਉਣੀ ਤਕਦੀਰ ਦੇਸ਼ ਦੀ
ਖਿਚਣੀ ਏ ਸੁਹਣੀ ਤਸਵੀਰ ਦੇਸ਼ ਦੀ
ਕਰਨੀ ਏਂ ਉਚੀ ਏਹਦੀ ਸ਼ਾਨ ਫੌਜੀਆ
ਤੇਰੇ ਉਤੇ ਦੇਸ਼.........

"ਬਲਬੀਰ" ਆਪਣੇ ਵਤਨ ਦੀ ਦੀਵਾਰ ਏ ਤੂੰ
"ਨਲੂਆ" ਤੇ ਸ਼ਾਮ ਸਿੰਘ ਸਰਦਾਰ ਏ ਤੂੰ
ਦਸ਼ਮੇਸ਼ ਪਿਤਾ ਦੀ ਏਂ ਕਿਰਪਾਨ ਫੌਜੀਆ
ਤੇਰੇ ਉਤੇ ਦੇਸ਼.........

23 ਜੁਲਾਈ 1968

## ਸ਼ੈਤਾਨ-ਆਦਮੀ

ਦਿਨੋਂ-ਦਿਨ ਆਦਮੀ
ਸ਼ੈਤਾਨ ਹੁੰਦਾ ਜਾ ਰਿਹਾ।
ਗਰਕ ਗਿਆ ਏ ਉਂਜ
ਧਨਵਾਨ ਹੁੰਦਾ ਜਾ ਰਿਹਾ।

ਦੁਨੀਆਂ 'ਚ ਵਧੀ ਜਾਂਦੀ
ਐ ਲਫਾਫੇ ਬਾਜੀ
ਮੁਫਤ ਦੀ ਹੁਣ ਇਥੇ
ਛਡਦਾ ਨਾ ਕਾਜ਼ੀ
ਦਾਨੇ ਦੀ ਥਾਂ ਇਹ
ਨਦਾਨ ਹੁੰਦਾ ਜਾ ਰਿਹਾ
ਦਿਨੋਂ-ਦਿਨ ਆਦਮੀ.........

ਧਰਮਾਂ ਦੀ ਆੜ 'ਚ
ਨਿੱਤ ਹੋਣ ਪਏ ਦੰਗੇ
ਬੇ ਸ਼ਰਮੀ ਦੇ ਰੰਗ 'ਚ
ਗਏ ਨੇ ਲੋਕ ਰੰਗੇ
ਇਨਸਾਨ ਤੋਂ ਬੰਦਾ ਅਜ
ਹੈਵਾਨ ਹੁੰਦਾ ਜਾ ਰਿਹਾ
ਦਿਨੋਂ-ਦਿਨ.........

ਰੋਜ਼ ਵਧੀ ਜਾਵਣ
ਭ੍ਰਿਸ਼ਟਾਚਾਰਾਂ ਦੀਆਂ ਖਬਰਾਂ
ਚੋਰੀ, ਡਾਕਿਆਂ ਤੇ
ਬਲਾਤਕਾਰਾਂ ਦੀਆਂ ਖਬਰਾਂ
ਮਾਣਸ ਭਲਾ ਜਿਹੜਾ
ਪ੍ਰੇਸ਼ਾਨ ਹੁੰਦਾ ਜਾ ਰਿਹਾ
ਦਿਨੋਂ-ਦਿਨ.........

ਮੂੰਹ 'ਚ ਰਾਮ-ਰਾਮ ਹੈ
ਬਗਲ 'ਚ ਛੁੱਰੀ ਏ
ਕਿਥੇ ਖਤਮ ਕਰਾਂ ਗੱਲ
ਕਿਥੋ ਸੀ ਤੁਰੀ ਏ
"ਬਲਬੀਰ" ਖੁਦ ਬੰਦਾ ਜੋ
ਭਗਵਾਨ ਹੁੰਦਾ ਜਾ ਰਿਹਾ
ਦਿਨੋਂ-ਦਿਨ ਆਦਮੀ
ਸ਼ੈਤਾਨ ਹੁੰਦਾ ਜਾ ਰਿਹਾ
ਗਰਕ ਗਿਆ ਏ ਉਂਜ
ਧਨਵਾਨ ਹੁੰਦਾ ਜਾ ਰਿਹਾ

25 ਜੂਨ 2007

## ਮੂੰਹੋਂ ਬੋਲ ਵਾਹਿਗੁਰੂ

ਹੁਣ ਬੁੱਢਾ ਹੋਇਆ ਸਰੀਰ ਤੇਰਾ
ਹੈ ਆਇਆ ਵਕਤ ਅਖੀਰ ਤੇਰਾ
ਕਰ ਲੈਣਾ ਰੱਬ ਦਾ ਨਾਮ ਸ਼ੁਰੂ
ਮੂੰਹੋਂ ਬੋਲ ਵਾਹਿਗੁਰੂ

ਕਦ ਬੰਦਗੀ ਸੱਚੇ ਮਾਲਕ ਦੀ
ਉਸ ਰਾਜ਼ਿਕ, ਖਾਲਿਕ, ਪਾਲਿਕ ਦੀ
ਇਕ ਦਿਨ ਪਿੰਜਰਾ ਖਾਲੀ ਰਹਿ ਜਾਣਾ
ਜਾਣੀ ਮਾਰ ਉਡਾਰੀ ਰੂਹ
ਮੂੰਹੋਂ ਬੋਲ.........

ਇਹ ਜੀਵਨ ਇਮਾਨਤ ਰੱਬ ਦੀ ਹੈ
ਇਹੋ ਈ ਹਾਲਤ ਸੱਭ ਦੀ ਹੈ
ਅਮਲਾਂ ਤੇ ਹੋਣਾਂ ਨਿਬੇੜਾ ਏ
ਆਖਿਰ ਹੋਣਾ ਰੱਬ ਦੇ ਰੂ-ਬ-ਰੂ
ਮੂੰਹੋਂ ਬੋਲ.........

ਮੰਦੇ ਕੰਮੋਂ ਕਰ ਲੈ ਤੂੰ ਤੋਬਾ
ਇਹਦੇ ਵਿਚ ਹੈ ਤੇਰੀ ਸ਼ੋਭਾ
ਆਪਣਾ-ਆਪਣਾ ਦੀਨ ਹੈ ਸਭਦਾ
ਕੋਈ ਬੋਲੇ ਅੱਲ੍ਹਾ ਹੂ
ਮੂੰਹੋਂ ਬੋਲ.........

"ਬਲਬੀਰ" ਚੰਗੀ ਸੁਹਬਤ ਕਰਿਆ ਕਰ
ਦਮ ਦੇਣੇ ਨੇ ਦਮ ਭਰਿਆ ਕਰ
ਮੌਤ ਦੀ ਚਲਦੀ ਚੱਕੀ ਵਿਚ
ਲਗਿਆ ਸੰਗ ਕਿੱਲੀ ਰਹੂ
ਮੂੰਹੋਂ ਬੋਲ.........

21 ਜੂਨ 2008

## ਸਾਕਾ ਸਰਹੰਦ

ਕਹਿੰਦੇ ਵਿਚ ਸਰਹੰਦ
ਕੀਤੀ ਦੁਸ਼ਟਾਂ ਨੇ ਕੰਧ
ਵਿਚ ਹੰਸਾਂ ਦਾ ਜੋੜਾ ਖਵਾਇਆ ਏ
ਉਨ੍ਹਾਂ ਜ਼ੁਲਮ ਤੇ ਜ਼ੁਲਮ ਕਮਾਇਆ ਏ

ਕਾਹਤੇ ਦਸ਼ਮੇਸ਼ ਦੀਆ ਆਂਦਰਾਂ ਨੂੰ ਹੱਥ ਪਾ ਲਿਆ
ਮੱਥਾ ਬਾਦਸ਼ਾਹ ਦਰਵੇਸ਼ ਨਾਲ ਕਿਉਂ ਲਾ ਲਿਆ
ਜ਼ਾਹਿਰ ਦੁੱਧ ਵਿਚ ਕਾਸਤੋਂ ਮਿਲਾਇਆ ਏ
ਉਨ੍ਹਾਂ ਜ਼ੁਲਮ ਤੇ.........

ਚੰਨ, ਸੂਰਜ, ਜ਼ਮੀਨ, ਅਸਮਾਨ ਕੰਬਿਆ
ਬਾਈਬਲ, ਗੀਤਾ, ਗ੍ਰੰਥ, ਕੁਰਾਨ ਕੰਬਿਆ
ਇੰਨਾ ਸਿਤਮ ਮਾਸੂਮਾਂ ਉਤੇ ਢਾਇਆ ਏ
ਉਨ੍ਹਾਂ ਜ਼ੁਲਮ ਤੇ.........

ਉਦੋਂ ਦਸਾਂ ਹੀ ਦਿਸ਼ਾਵਾਂ ਵਿੱਚ ਸੋਗ ਛਾ ਗਿਆ
ਦੇਖੋ ਜ਼ਬਰ ਧਰਮ ਅਗੇ ਹਾਰ ਖਾ ਗਿਆ
ਸਿੱਖੀ-ਸਿਦਕ ਸੁਆਸਾਂ ਨਾ ਨਿਭਾਇਆ ਏ
ਉਨ੍ਹਾਂ ਜ਼ੁਲਮ ਤੇ.........

ਇਹੇ "ਬਲਬੀਰ" ਮਿਸਾਲ ਜੱਗ 'ਚ ਨਰਾਲੀ ਏ
ਗੱਲ ਸੱਚੀ-ਮੁੱਚੀ ਤੁਖਮੇਂ-ਤਾਸੀਰ ਵਾਲੀ ਏ
ਪਿਉ ਦਾਦੇ ਵਾਲਾ ਰਾਹ ਅਪਨਾਇਆ ਏ
ਉਨ੍ਹਾਂ ਜ਼ੁਲਮ ਤੇ.........

28 ਮਈ 1970

## ਮਹਾਨ ਸ਼ਹੀਦੀ

ਧੰਨ ਗੁਰੂ ਅਰਜਣ ਦੇਵ ਜਿਨ੍ਹਾਂ ਨੇ,
ਮਹਾਨ ਸ਼ਹੀਦੀ ਪਾਈ।
ਤੱਤੀ ਤਵੀ ਤੇ ਬੈਠਣ ਲਗਿਆਂ,
ਰਤਾ ਦੇਰ ਨਾ ਲਾਈ।

ਤਸੀਹੇ ਦੇ ਕੇ ਰੱਜ ਲੀ ਹਕੂਮਤ
ਮੂੰਹੋਂ "ਸੀ" ਨਾ ਉਚਾਰੀ
ਦੁਨੀਆਂ ਦਿਆਂ ਸ਼ਹੀਦਾਂ ਵਿਚੋਂ
ਦਿਤੀ ਕੁਰਬਾਨੀ ਭਾਰੀ
ਫਿਰ ਵੀ ਜ਼ਾਲਮ ਵੈਰੀ ਨੂੰ ਨਾ
ਰਤਾ ਸਮਝ ਸੀ ਆਈ
ਧੰਨ ਗੁਰੂ ਅਰਜਨ..........

ਸਾਈਂ ਮੀਆਂ ਮੀਰ ਜੀ ਇਹੇ
ਦੇਖ ਕੇ ਸਹਿ ਨਾ ਸੱਕੇ
ਵੇਖ ਕੇ ਹੁੰਦਾ ਜ਼ੁਲਮ ਗੁਰਾਂ ਤੇ
ਰਹਿ ਗਏ ਹੱਕੇ-ਬੱਕੇ
ਆਖਣ ਲਗੇ ਦਸੋ ਸਾਹਿਬ ਜੀ
ਇਹ ਕੀ ਖੇਡ ਰਚਾਈ ?
ਧੰਨ ਗੁਰੂ ਅਰਜਨ..........

ਕਹਿਣ ਲਗੇ ਨੇ ਗੁਰੂ ਜੀ ਅਗੋਂ
ਉਹਦਾ ਭਾਣਾ ਮੀਠਾ ਲਾਗੇ
ਉਹ ਪ੍ਰਵਾਨਾ ਕਾਹਦਾ ਜੇਹੜਾ
ਸ਼ਮਾਂ ਦੇਖ ਕੇ ਭਾਗੇ
ਧਰਮ ਖਾਤਰ "ਬਲਬੀਰ" ਉਨ੍ਹਾਂ
ਹੱਸ-ਹੱਸ ਮੌਤ ਵਿਆਹੀ
ਧੰਨ ਗੁਰੂ ਅਰਜਨ ਦੇਵ ਜਿਨ੍ਹਾਂ ਨੇ
ਮਹਾਨ ਸ਼ਹੀਦੀ ਪਾਈ

20 ਮਾਰਚ 1971

## ਰੁੱਸ ਕੇ ਨਾ ਬਹਿਜੀਂ

ਰੱਬ ਅਗੇ ਕਰਾਂ ਅਰਜਾਂ,
ਹੱਥ ਜੋੜਦੀ ਬੈਠਕੇ ਦੋਈ।
ਰੁੱਸ ਕੇ ਨਾ ਬਹਿਜੀਂ ਵੀਰਨਾਂ
ਭੈਣਾਂ ਵਰਗਾ ਸਾਕ ਨਾ ਕੋਈ।

ਦਾਨਿਸ਼ਵਰ ਲੋਕ ਜਿਹੜੇ
ਇਹੋ ਗੱਲ ਕਹਿੰਦੇ ਨੇ
ਮਾਂ-ਬਾਪ ਸਦਾ ਲਈ
ਕਿਸੇ ਦੇ ਨਾ ਰਹਿੰਦੇ ਨੇ
ਭਾਵੇ ਜਿਹੜੀ ਸੱਚੇ ਰੱਬ ਨੂੰ
ਉਹੀ ਏ ਸਦਾ ਈ ਹੋਈ
ਰੁੱਸ ਕੇ ਨਾ ਬਹਿਜੀਂ..........

ਦਾਤਾ ਕਿਸੇ ਧੀ ਦੀ ਐਸੀ
ਲਿਖੇ ਤਕਦੀਰ ਨਾ
ਜਿਸ ਭੈਣ ਦਾ ਹੋਵੇ
ਕੋਈ ਵੀ ਵੀਰ ਨਾ
ਆਉਂਣ ਜਦ ਦਿਨ ਤੀਆਂ ਦੇ
ਗੱਲ ਲੱਗ ਕੇ ਮਾਂ ਦੇ ਰੋਈ
ਰੁੱਸ ਕੇ ਨਾ ਬਹਿਜੀਂ..........

ਰੱਖੜੀਆਂ ਵਾਲਾ ਦਿਨ
ਰਹਿੰਦੀ ਏ ਉਡੀਕ ਦੀ
ਕਲੰਡਰ ਤੇ ਨਿਸ਼ਾਨੀ ਲਾਵੇ
ਉਸੇ ਹੀ ਤਾਰੀਖ ਦੀ
ਦਿਸੇ ਨਾ ਜਦ ਮਾਂ-ਜਾਇਆ
ਕੋਠੇ ਚੜ ਕੇ ਪੱਬਾਂ ਭਾਰ ਹੋਈ
ਰੁੱਸ ਕੇ ਨਾ ਬਹਿਜੀਂ..........

ਭੈਣਾਂ-ਭਾਈਆਂ ਵਾਲਾ ਸਾਕ
ਸੱਚਾ-ਸੁੱਚਾ ਦਿਲ ਦਾ
ਭੈਣ ਜਿਹਾ ਪਿਆਰ ਹੋਰ
ਕਿਤੋਂ ਵੀ ਨਾ ਮਿਲਦਾ
"ਬਲਬੀਰ" ਲਈ ਸੁੱਖਾਂ ਸੁੱਖਦੀ
ਸਦਾ ਕਰਦੀ ਰਹੇ ਅਰਜੋਈ
ਰੁੱਸ ਕੇ ਨਾ ਬਹਿਜੀਂ ਵੀਰਨਾਂ
ਭੈਣਾਂ ਵਰਗਾ ਸਾਕ ਨਾ ਕੋਈ

2 ਅਪ੍ਰੈਲ, 1985

## ਜਾਗ ਜ਼ਰਾ

ਓ ਕਿਰਤੀ ਕਿਰਸਾਨਾ-ਜਾਗ ਜਰਾ।
ਤੇਰਾ ਆਇਆ ਜਮਾਨਾ-ਜਾਗ ਜਰਾ।
ਹੁਣ ਰੰਕਾਂ ਨੇ ਰਾਜੇ ਹੋਣਾ ਏਂ
ਸਭ ਰੋਣਾ ਉਮਰਾਂ ਦਾ ਧੋਣਾ ਏਂ
ਸਰਮਾਏਦਾਰਾਂ ਤੋਂ ਰਾਜ ਖੋਹਣਾ ਏਂ
ਇਨਾਂ ਲਈ ਆਂ ਕੀਮਤੀ ਜਾਨਾਂ
ਓ ਕਿਰਤੀ ਕਿਰਸਾਨਾ-ਜਾਵ ਜਰਾ
ਤੇਰਾ ਆਇਆ ਜਮਾਨਾ-ਜਾਗ ਜਰਾ

ਝੁੱਗੀ ਵਾਲਿਆਂ ਮਹਿਲੀਂ ਬੜਨਾ ਏਂ
ਹੁਣ ਸੱਚ ਦਾ ਚੰਦਰਮਾਂ ਚੜ੍ਹਨਾ ਏਂ
ਆਪਣੇ ਹੱਕ ਤੇ ਕਾਮਿਆ ਲੜਨਾ ਏਂ
ਹੋ ਜਾਣੀਆਂ ਨੇ ਉਚੀਆਂ ਸ਼ਾਨਾ
ਓ ਕਿਰਤੀ ਕਿਰਸਾਨਾ-ਜਾਗ ਜਰਾ
ਤੇਰਾ ਆਇਆ ਜਮਾਨਾ-ਜਾਗ ਜਰਾ

ਇਹ ਜੋ ਲੋਟੂ-ਮੋਟੂ ਰਹਿਣੇ ਨ੍ਹੀਂ
ਕਿਸੇ ਜ਼ਬਰ-ਜ਼ੁਲਮ ਹੁਣ ਸਹਿਣੇ ਨ੍ਹੀਂ
ਮਜ਼ਦੂਰ-ਕਾਮੇ ਟਿਕ ਬਹਿਣੇ ਨ੍ਹੀਂ
ਤੇਰਾ ਲੱਗਿਆ ਏ ਠੀਕ ਨਿਸ਼ਾਨਾ
ਓ ਕਿਰਤੀ ਕਿਰਸਾਨਾ-ਜਾਗ ਜਰਾ
ਤੇਰਾ ਆਇਆ ਜਮਾਨਾ-ਜਾਗ ਜਰਾ

ਬੜੀ ਲੁੱਟ ਮਚਾਈ ਜ਼ਰਦਾਰਾਂ ਨੇ
ਮੋਟੇ ਢਿੱਡਾਂ ਵਾਲੇ ਸਰਦਾਰਾਂ ਨੇ
ਜ਼ਖੀਰੇ ਬਾਜਾਂ, ਬਲੈਕੀਆਂ, ਬਦਕਾਰਾਂ ਨੇ
ਮੇਰੇ ਵੀਰ "ਬਲਬੀਰ" ਬਲਵਾਨਾਂ
ਓ ਕਿਰਤੀ ਕਿਰਸਾਨਾ-ਜਾਗ ਜਰਾ
ਤੇਰਾ ਆਇਆ ਜਮਾਨਾ-ਜਾਗ ਜਰਾ

## ਦਸਮੇਸ਼ ਪਿਤਾ

ਧੰਨ ਏਂ ਤੂੰ ਦਸਮੇਸ਼ ਪਿਤਾ,
ਜੋ ਸਭ ਕੁਝ ਆਪਣਾ ਵਾਰ ਗਿਆ।
ਸਵਾ ਲੱਖ ਨਾਲ ਇਕ ਲੜਾ ਕੇ,
ਹਿੰਦ ਦਾ ਬੇੜਾ ਤਾਰ ਗਿਆ।

ਜੱਗ ਦਾ ਤਮਾਸ਼ਾ ਦੇਖਣ
ਦਾਸ ਪ੍ਰਮ ਪੁਰਖ ਦਾ ਆਇਆ
ਚਿੜੀਆਂ ਸੰਗ ਬਾਜ ਲੜਿਆ
ਉਨ੍ਹਾਂ ਭੇਡਾਂ ਨੂੰ ਸ਼ੇਰ ਬਣਾਇਆ
ਕਰਨੀ ਅਤੇ ਕਥਨੀ ਦਾ ਪੂਰਾ
ਖੁਦ ਮੁੱਖੋਂ ਉਚਾਰ ਗਿਆ
ਧੰਨ ਏਂ ਤੂੰ ਦਾਸਮੇਸ਼..........

"ਸੂਰ ਸੋ ਪਹਿਚਾਨੀਏਂ
ਜੋ ਲਰੇ ਦੀਨ ਕੇ ਹੇਤ
ਪੁਰਜਾ-ਪੁਰਜਾ ਕੱਟ ਮਰੈ
ਕਬਹੂੰ ਨਾ ਛਾਡੇ ਖੇਤ"
ਜ਼ਿੰਦਗੀ ਦਾ ਅਹਿਸਾਸ ਕਰਾਕੇ
ਸੱਚ ਦਾ ਸੂਰਜ ਚਾੜ ਗਿਆ
ਧੰਨ ਨੇ ਤੂੰ ਦਸਮੇਸ਼..........

ਸੰਗਤ ਦੇ ਵਲ ਕਰ ਇਸ਼ਾਰਾ
ਕਹੇ "ਵਾਰ ਦੀਏ ਸੁਤ ਚਾਰ
ਚਾਰ ਮੂਏ ਤੋ ਕਿਆ ਹੂਆ
ਜੀਵਤ ਕਈ ਹਜਾਰ"
ਫਤਹਿ ਸਿੰਘ ਤੇ ਜੋਰਾਵਰ
ਵਾਰ ਅਜੀਤ ਜੁਝਾਰ ਗਿਆ
ਧੰਨ ਏਂ ਤੂੰ ਦਸਮੇਸ਼..........

10 ਫਰਵਰੀ 1981

## ਪੰਜਾਬ ਦੇ ਕਿਸਾਨ ਨੂੰ

ਮੇਰੇ ਵਤਨ ਦੇ ਅੰਨ-ਦਾਤੇ ਵੀਰਾ
ਅਸਾਂ ਦੁਨੀਆਂ ਨੂੰ ਸੋਚਾਂ ਪਾ ਦੇਣਾ
ਕੋਈ ਥਾਂ ਨ੍ਹੀਂ ਛੱਡਣੀ ਹੁਣ ਖਾਲੀ
ਹਰ ਥਾਂ ਨੂੰ ਅਸਾਂ ਨੇ ਵਾਹ ਦੇਣਾ
ਕੋਈ ਟੋਇਆ ਟਿੱਬਾ ਨ੍ਹੀਂ ਰਹਿੰਣ ਦੇਣਾ
ਨਾਲ ਟਰੈਕਟਰ ਦੇ ਫੇਰ ਕਰ੍ਹਾ ਦੇਣਾ
ਕੋਈ ਖੇਤ ਵੀ ਮਾਰੂ ਰੱਖਣਾਂ ਨਹੀਂ
ਹਰ ਜਗ੍ਹਾ ਤੇ ਟਿਊਬਵੈਲ ਲਗਾ ਦੇਣਾ

ਪੁਰਾਣੇ ਸੰਦਾਂ ਦਾ ਸਭ ਤਿਆਗ ਕਰਕੇ
ਨਵੇਂ ਸੰਦਾਂ ਦੇ ਵਲ ਧਿਆਨ ਕਰੀਏ
ਨਵੇਂ ਬੀਜ ਤੇ ਜਿੰਨੀਆ ਖਾਦਾਂ ਨਵੀਆਂ
ਇਨ੍ਹਾਂ ਸਾਰਿਆਂ ਦੀ ਆਉ ਸਿਆਣ ਕਰੀਏ
ਮੈਕਸੀਕਨ ਅਤੇ ਪੀ. ਵੀ ਅਠਾਰਾਂ ਨੂੰ
ਬੀਜ ਕਲਿਆਣ ਦੇਸ਼ ਦਾ ਕਲਿਆਣ ਕਰੀਏ
ਆਉ ਰਲ ਕੇ ਹੰਭਲਾ ਮਾਰ ਲਈਏ
ਉਚੀ ਪੰਜਾਬ ਦੀ ਭਾਰਤ ਚੋਂ ਸ਼ਾਨ ਕਰੀਏ

ਖੇਤੀ-ਬਾੜੀ ਯੂਨੀਵਰਸਿਟੀ ਲੁਧਿਆਣੇ
ਇੱਕ ਮੁੰਡੇ ਨੂੰ ਪੜ੍ਹਨੇ ਪਾ ਦਈਏ
ਸੋਚ ਸਮਝ ਕੇ ਫਸਲ ਨੂੰ ਬੀਜਣਾਂ ਏਂ
ਪਹਿਲਾਂ ਮਿੱਟੀ ਦੀ ਪਰਖ ਕਰਾ ਲਈਏ
ਪੋਲ੍ਹੀ, ਭੱਖੜਾ ਕਿਤੇ ਵੀ ਛੱਡਣਾਂ ਨਹੀਂ
ਸਭ ਰੱਕੜਾਂ, ਬੰਜਰਾਂ ਵਾਹ ਲਈਏ
ਅਨਾਜ ਰੱਖਣ ਦਾ ਸਰਕਾਰ ਨੂੰ ਫਿਕਰ ਪੈ ਜੇ
ਪੈਦਾਵਾਰ ਇਤਨੀ ਵਧਾ ਦਈਏ

ਕੋਠੀ ਵਿਚ ਫਾਰਮ ਦੇ ਮਾਰੇ ਲਿਸ਼ਕਾਂ
ਕਿਧਰੇ ਟਰੈਕਟਰ ਗੂੰਜਾਂ ਪਾਉਂਦਾ ਹੋਵੇ
ਧਾਰ ਚਾਂਦੀ ਜਿਹੀ ਬੰਬੀ ਚੋਂ ਹੋਵੇ ਵਗਦੀ

ਕਿਧਰੇ ਕਣਕ ਥਰੈਸ਼ਰ ਗਾਹੁੰਦਾ ਹੋਵੇ
ਵੱਡਾ ਸਹਿਬਜਾਦਾ ਯੂਨੀਵਰਸਿਟੀ ਵਿਚੋਂ
ਨਵੀਂ ਕਾਰ ਫੀਅਟ 'ਚ ਆਉਂਦਾ ਹੋਵੇ
ਜਦੋਂ ਇਹੋ ਜਿਹੇ ਸਾਜੋਂ ਸਮਾਨ ਹੋ ਜਾਣ
ਫੇਰ ਕਿਉਂ ਨਾ ਪੰਜਾਬ ਭੰਗੜੇ ਪਾਉਂਦਾ ਹੋਵੇ

ਭੈੜੀਆਂ ਰਸਮਾਂ ਸਭ ਤਿਆਗਣੀਆਂ ਨੇ
ਇਹਦੇ ਨਾਲ ਹੈ ਦੇਸ਼ ਮਹਾਨ ਕਰਨਾ
ਬੱਚੇ ਦੋ ਜਾਂ ਤਿੰਨ ਨੇ ਬਹੁਤ ਹੁੰਦੇ
ਪਰਿਵਾਰ ਵਲ ਵੀ ਹੈ ਧਿਆਨ ਕਰਨਾ
ਨਸ਼ਿਆਂ-ਪੱਤਿਆਂ ਵਿਚ ਨਾ ਕੁਝ ਰੱਖਿਆ
ਅਸਾਂ ਇਹਦਾ ਵੀ ਹੈ ਗਿਆਨ ਕਰਨਾ
ਵਤਨ ਲਈ "ਬਲਬੀਰ" ਜੇ ਲੋੜ ਪੈ ਜੇ
ਨਹੀਉਂ ਭੁੱਲਣਾ ਜਾਂਨ ਕੁਰਬਾਨ ਕਰਨਾ

4 ਮਈ 1968

## ਦਾਜ ਦੇ ਲੋਭੀਆਂ ਨੂੰ

ਦਾਜ ਦਿਆਂ ਲੋਭੀਆਂ ਨੂੰ,
ਆਓ ਨੱਥ ਪਾਈਏ।
ਦਾਨਿਸ਼ਵਰੀ ਨਾ ਇਸ ਲਾਹਣਤ,
ਨੂੰ ਖਤਮ ਕਰਾਈ ਏ।

ਹੁਣ ਹੋਰ ਕੋਈ ਧੀ
ਦਾਜ ਦੀ ਬਲੀ ਨਾ ਚੜ ਜੇ
ਦਹੇਜ ਵਾਲਾ ਨਾਗ ਨਾ
ਫਿਰ ਕਿਸੇ ਦੇ ਲੜ ਜੇ
ਜ਼ੁਲਮ ਦਿਆਂ ਤੂਫਾਨਾਂ ਨੂੰ
ਆਉ ਠੱਲ ਪਾਈਏ
ਹੱਕ-ਹਲਾਲ ਖਾਣ ਦੀ
ਸਦਾ ਆਦਤ ਪਾਈਏ
ਦਾਜ ਦਿਆਂ ਲੋਭੀਆਂ ਨੂੰ..........

ਦੁਨੀਆਂ ਹੋ ਗਈ ਲਾਲਚੀ
ਅਤੇ ਨਾ-ਸ਼ੁਕਰੀ
ਬੇਗੈਰਤ-ਬੇ-ਸ਼ਰਮ
ਅਤੇ ਲੋਹੜੇ ਦੀ ਫੁਕਰੀ
ਬਿਠਾ ਕੇ ਉਲਟਾ ਗਧੇ ਤੇ
ਹਾਰ ਛਿੱਤਰਾਂ ਦਾ ਪਾਈਏ
ਕੀ ਨ੍ਹੀਂ ਅਸੀਂ ਕਰ ਸਕਦੇ
ਜੇ ਦਿਲ ਤੋਂ ਚਾਹੀਏ
ਦਾਜ ਦਿਆਂ ਲੋਭੀਆਂ ਨੂੰ..........

ਹਰ ਘਰ ਤੋਵੇ ਧੀ
ਹੈ ਸਾਡੀ ਅਰਜੋਈ
ਧੀਆਂ ਬਾਝੋਂ ਹੋਵੇ ਨਾ
ਜੱਗ ਵਿੱਚ ਘਰ ਕੋਈ
"ਬਲਬੀਰ" ਕੀ ਦੁੱਖ ਧੀ ਦੇ

ਇਨ੍ਹਾਂ ਨੂੰ ਸਮਝਾਈਏ
ਦਾਤਾਂ ਉਹ ਨਾ ਮੰਗੀਏ
ਫਿਰ ਮੰਗਣ ਜਾਈਏ
ਦਾਜ ਦਿਆਂ ਲੋਭੀਆਂ ਨੂੰ
ਆਉ ਨੱਥ ਪਾਈਏ

9 ਜੁਲਾਈ 1978

## ਦੁਸ਼ਟ ਦਮਨ

ਜਨਮ ਓਸ ਗੁਰੂ ਦਾ ਆਇਆ ਏ
ਜਿਨ੍ਹੇ ਪਿਤਾ ਕੌਮ ਲੇਖੇ ਲਾਇਆ ਏ
ਸੁੱਤਿਆਂ ਨੂੰ ਆਣ ਜਗਾਇਆ ਏ
ਇੱਕ ਖਾਲਸਾ ਪੰਥ ਸਜਾ ਗਿਆ ਏ
ਜਾਤ-ਪਾਤ ਦਾ ਭਰਮ ਮਿਟਾ ਗਿਆ ਏ

ਬਿਨਾਂ ਰੱਬ ਤੋਂ ਸੀਸ ਝੁਕਾਇਆ ਨ੍ਹੀਂ
ਉਨ੍ਹੇ ਦਾਗ ਅਣਖ ਨੂੰ ਲਾਇਆ ਨ੍ਹੀਂ
ਸਾਥੀ ਛੱਡ ਗਏ ਸਾਥ ਘਬਰਾਇਆ ਨ੍ਹੀਂ
ਉਹਨੇ ਲਿਖ ਬੇਦਾਵਾ ਲੈ ਲਿਆ ਏ
ਦੁਖ-ਦਰਦ ਦਿਲ ਵਿਚ ਸਹਿ ਲਿਆ ਏ

ਉਹਦਾ ਧਰਮ ਸੀ ਜ਼ਬਰ ਨ੍ਹੀਂ ਜਰਨਾ ਹੈ
ਦਿਲ ਚਾਅ ਸੀ ਕੌਂਮ ਦਾ ਕੁੱਝ ਕਰਨਾ ਹੈ
ਜੀਣਾ ਦੇਸ਼ ਲਈ ਦੇਸ਼ ਲਈ ਮਰਨਾ ਹੈ
ਜੱਗੋਂ ਵਖਰੀ ਖੇਡ ਰਚਾ ਗਿਆ ਏ
ਹੱਸ-ਹੱਸ ਕੇ ਸਰਬੰਸ ਲੁਟਾ ਗਿਆ ਏ

ਹੱਥੀਂ ਪੁੱਤਰ ਜੰਗ ਵਿਚ ਘੱਲੇ ਸੀ
ਸਵਾ ਲੱਖ ਨੂੰ ਪਏ ਕੱਲੇ-ਕੱਲੇ ਸੀ
ਵਾਰ ਵੈਰੀਆਂ ਦੇ ਸੀਨੇ ਤੇ ਝੱਲੇ ਸੀ
ਨੀਹਾਂ ਵਿਚ ਲਾਲ ਚਿਣਾ ਗਿਆ ਏ
ਬੇੜੀ ਵਤਨ ਦੀ ਬੰਨੇ ਲਾ ਗਿਆ ਏ

ਦੁਖੀ ਦਿਲਾਂ ਲਈ ਅਕਸੀਰ ਸੀ ਉਹ
ਨਾਲੇ ਬਾਦਸ਼ਾਹ ਅਤੇ ਫਕੀਰ ਸੀ ਉਹ
ਪੀਰਾਂ ਦੇ ਪੀਰਾਂ ਦਾ ਪੀਰ ਸੀ ਉਹ
ਤਾਹੀਉਂ ਦੁਸ਼ਟ ਦਮਨ ਕਹਾ ਗਿਆ ਏ
"ਬਲਬੀਰ" ਵੈਰੀਆਂ ਨੂੰ ਸਬਕ ਸਿਖਾ ਗਿਆ ਏ

3 ਜਨਵਰੀ 1980

## ਮਜਦੂਰ ਕਾਮਿਆਂ

ਅਗੇ-ਅਗੇ ਵਧ ਮਜਦੂਰ ਕਾਮਿਆਂ।
ਆਸ ਤੇਰੀ ਪੁੱਗਣੀ ਜਰੂਰ ਕਾਮਿਆਂ।
ਰਾਤ ਬਾਅਦ ਅੱਵਸ ਪ੍ਰਭਾਤ ਆਏਗੀ
ਤੇਰੀ ਲਈ ਸੱਜਰੀ ਸੁਗਾਤ ਲਿਆਏਗੀ
ਹੁਣ ਨਹੀਉਂ ਮੰਜ਼ਲ ਤੇਰੀ ਦੂਰ ਕਾਮਿਆਂ
ਅਗੇ-ਅਗੇ ਵਧ.........

ਬੜਾ ਚਿਰ ਦੇਖ ਲਿਆ ਫਾਕੇ ਕੱਟ ਕੇ
ਹੁਣ ਨਹੀਂ ਬੈਠ ਹੁੰਦਾ ਚੁੱਪ ਵੱਟ ਕੇ
ਸਾਨੂੰ ਨਾ ਨਿਜ਼ਾਮ ਇਹ ਮੰਨਜੂਰ ਕਾਮਿਆਂ
ਅਗੇ-ਅਗੇ ਵਧ.........

ਬੈਠ ਕਾਹਤੋਂ ਗਿਆ ਏ ਤੂੰ ਢਾ ਕੇ ਢੇਰੀਆਂ
ਇਹ ਕਾਰਾਂ, ਬੱਸਾਂ, ਮੋਟਰਾਂ ਨੇ ਸਭ ਤੇਰੀਆਂ
ਭੰਨਣਾਂ ਏ ਧਨਾਡਾਂ ਦਾ ਗਰੂਰ ਕਾਮਿਆ
ਅਗੇ-ਅਗੇ ਵਧ.........

ਲੋਕਾਂ ਨੂੰ ਰਜਾਵੇਂ ਆਪ ਭੁੱਖਾ ਮਰਦਾ
ਤੂੰ ਫਕੀਰ ਬਣਿਆਂ ਏਂ ਦਰ-ਦਰ ਦਾ
ਬਦਲ ਦੇ ਪੁਰਾਣਾ ਦਸਤੂਰ ਕਾਮਿਆਂ
ਅਗੇ-ਅਗੇ ਵਧ.........

"ਬਲਬੀਰ" ਨਾਲ ਰੁੱਸੀਆਂ ਤਕਦੀਰਾਂ ਰਹੀਆਂ ਨੇ
ਤਾਹੀਉਂ ਤਨ ਉਤੇ ਸਦਾ ਲੀਰਾਂ ਰਹੀਆਂ ਨੇ
ਕਦੇ ਖਿੜੀ ਨ੍ਹੀਂ ਦੇਖੀ ਤੇਰੀ ਹੂਰ ਕਾਮਿਆਂ
ਅਗੇ-ਅਗੇ ਵਧ.........

12 ਮਾਰਚ 1974

## ਬੁਢਾਪਾ ਜ਼ਲਾਲਤ ਹੈ

ਕਰੀਏ ਕੀ ਸਿਫਤ ਯਾਰੋ
ਜੁਆਨੀ ਮਸਤਾਨੀ ਦੀ
ਬੁਢਾਪਾ ਜ਼ਲਾਲਤ ਹੈ
ਜ਼ਿੰਦਗੀਂ ਜੁਆਨੀ ਦੀ

ਫਿਕਰਾਂ ਤੋਂ ਰਹਿਤ ਕਹਿੰਦੇ
ਅਲ੍ਹੜ ਜੁਆਨੀਆਂ
ਬੇਪ੍ਰਵਾਹੀਆਂ ਅਤੇ
ਕਰਨ ਮਨਮਾਨੀਆਂ
ਕਈ ਵਾਰ ਹੱਦ ਟੱਪ
ਜਾਂਦੇ ਨੇ ਸ਼ੈਤਾਨੀ ਦੀ
ਬੋਢਾਪਾ ਜ਼ਲਾਲਤ ਹੈ.........

ਬੁਢਾਪਾ ਗੱਲ ਕਰੇ ਸਦਾ
ਦਿਲ 'ਚ ਵਿਚਾਰ ਕੇ
ਜੁਆਨੀ ਪਿਛੋਂ ਸੋਚਦੀ ਏ
ਪਹਿਲਾਂ ਗੱਪ ਮਾਰ ਕੇ
ਸੋਲਾਂ ਤੋਂ ਰਹਿ ਜਾਂਦੀ ਐ
ਆਨੇ-ਦੋ-ਆਨੇ ਦੀ
ਬੁਢਾਪਾ ਜ਼ਲਾਲਤ ਹੈ.........

ਬਜੁਰਗਾਂ ਨੂੰ ਹੁੰਦੀਆਂ
ਸੌ ਮਜਬੂਰੀਆਂ
ਦੇਸ਼ਾਂ-ਪ੍ਰਦੇਸ਼ਾਂ ਦੀਆਂ ਲੰਬੀਆਂ ਨੇ ਦੂਰੀਆਂ
ਨਾ ਕਰੀਏ ਯਕੀਨ ਕਦੇ
ਆਸ ਬਿਗਾਨੀ ਦੀ
ਬੁਢਾਪਾ ਜ਼ਲਾਲਤ ਹੈ.........

ਤਰਜਰਬਾ ਹੈ ਚੀਜ਼ ਵੱਡੀ
ਗੱਲ ਦਿਲ ਭਾਵੇ ਜੇ
ਕਬੂਲ ਹੈ ਅੱਧੀ ਖਾਣੀ
ਇੱਜਤ ਰਹਿ ਜਾਵੇ ਜੇ
"ਬਲਬੀਰ" ਨਾ ਕਰੇ ਗੱਲ
ਕਦੇ ਬੈਈਮਾਨੀ ਦੀ
ਬੁਢਾਪਾ ਜ਼ਲਾਲਤ ਹੈ
ਜ਼ਿੰਦਗੀ ਜੁਆਨੀ ਦੀ

6 ਜਨਵਰੀ 2008

## ਬੀਤ ਗਏ ਦੀ ਯਾਦ

ਬੀਤ ਗਏ ਦੀ ਯਾਦ
ਸਾਨੂੰ ਬਣਾ ਸਤਾਵੇ
ਆਉਂਣ ਵਾਲੇ ਦਾ ਖ਼ੋਫ ਜਿਹਾ
ਸਾਨੂੰ ਵੱਢ-ਵੱਢ ਖਾਵੇ

ਮਤਲਬ ਪ੍ਰਸਤੀ ਖ਼ੁਦਗਰਜੀ
ਨਿੱਤ ਕਰੇ ਤਰੱਕੀ
ਦਿਨੋ-ਦਿਨ ਹਰ ਨਜ਼ਰ ਪਈ
ਹੁੰਦੀ ਜਾਵੇ ਸ਼ੱਕੀ
ਨਾਲ ਮਜਬੂਰੀਆਂ ਮਹਿੰਗਾਈ ਵੀ
ਪਈ ਵਧਦੀ ਜਾਵੇ
ਆਉਂਣ ਵਾਲੇ ਦਾ ਖ਼ੋਫ.........

ਚਪੜਾਸੀ ਤੋਂ ਡੀ. ਸੀ. ਤੱਕ
ਹੈ ਰਿਸ਼ਵਤ ਲੈਂਦਾ
ਹਮਾਮ 'ਚ ਸਭ ਨੇ ਨੰਗੇ
ਕਿਸੇ ਨੂੰ ਕੋਈ ਕੁਝ ਨਾ ਕਹਿੰਦਾ
ਇਮਾਨਦਾਰੀ ਨੂੰ ਅੱਜ-ਅੱਲ੍ਹ
ਨਾ ਕੋਈ ਗੱਲ ਨੂੰ ਲਾਵੇ
ਆਉਂਣ ਵਾਲੇ ਦਾ ਖ਼ੌਫ.........

ਝੂਠ, ਫਰੇਬ, ਧੋਖੇ ਬਾਜ਼ੀਆਂ
ਨਿੱਤ ਵਧ ਦੀਆਂ ਜਾਵਣ
ਵੱਡੀ ਮੱਛੀਆਂ ਛੋਟੀਆਂ ਨੂੰ
ਪਈਆਂ ਛਕਦੀਆਂ ਜਾਵਣ
ਚੌਧਰ ਦੀ ਭੁੱਖ ਹਰ ਲੀਡਰ
ਨੂੰ ਪਈ ਭਰਮਾਵੇ
ਆਉਣ ਵਾਲੇ ਦਾ ਖ਼ੌਫ.........

ਵਿਚ ਕਚਾਹਿਰੀਆਂ ਨਿਆਂ ਦਾ
ਕੋਈ ਨਾਉ ਨਾ ਰਹਿ ਗਿਆ
"ਬਲਬੀਰ" ਸਾਹਨੇਵਾਲੀਆਂ
ਹੈ ਸੱਚ ਕਹਿ ਗਿਆ
ਹੱਕ ਹਲਾਲ ਹੁਣ ਕਿਸੇ
ਨੂੰ ਮੂਲ ਨਾ ਭਾਵੇ
ਆਉਣ ਦਾ ਖੌਫ ਜਿਹਾ
ਸਾਨੂੰ ਵੱਢ-ਵੱਢ ਖਾਵੇ

8 ਦਸੰਬਰ 1998

## ਅਣਖਾਂ ਦੀ ਚਿੱਟੀ ਪੱਗ

ਅਣਖਾਂ ਦੀ ਚਿੱਟੀ ਪੱਗ ਨੂੰ
ਦੇਖੀਂ ਦਾਗ ਨਾ ਕਿਤੇ ਲੱਗ ਜਾਵੇ।
ਅਜ ਫੇਰ ਨਾਦਰ ਵਾਂਗਰਾਂ,
ਕੋਈ ਜੰਗ ਮੋਢਿਆਂ ਤੇ ਚੁੱਕੀ ਆਵੇ।

ਵਤਨ ਦੀ ਹੈ ਰਾਖੀ ਕਰਨੀ
ਅਸੀਂ ਬਾਜ਼ੀ ਜਾਨ ਦੀ ਲਾ ਕੇ
ਮੁੜ ਕੇ ਨਾ ਵੈਰੀ ਜਾਊਗਾ
ਸਾਨੂੰ ਸੁੱਤਿਆਂ ਸ਼ੇਰਾਂ ਨੂੰ ਜਗਾਕੇ
ਆਪਣੀ ਹੀ ਰੱਤ ਵਿਚ ਉਹ
ਖ਼ੁਦ ਈ ਤਾਰੀਆਂ ਲਾਵੇ
ਅਣਖਾਂ ਦੀ ਚਿੱਟੀ.........

ਵੀਰ ਤੁਸੀਂ ਸ਼ਾਮ ਸਿੰਘ ਦੇ
ਜਿਹਨੂੰ ਕਹਿੰਦੇ ਨੇ ਸੰਤ ਸਿਪਾਹੀ
ਵੱਢ-ਵੱਢ ਸੁੱਟੇ ਛੱਤਰੂ
ਅੱਜ ਦਿੰਦਾ ਇਤਹਾਸ ਗਵਾਹੀ
ਜਾ ਕੇ ਤੁਸੀਂ ਦੇਖੋ ਹੱਦ ਤੇ
ਕਿਹੜਾ ਹੈ ਜੋ ਦੁਹਾਈਆਂ ਪਾਵੇ
ਅਣਖਾਂ ਦੀ ਚਿੱਟੀ.........

"ਊਧਮ" ਜਿਹੇ ਸੂਰਮੇਂ ਤੁਸੀਂ
ਜਿਹਨੇ "ਡਾਇਰ" ਕਤਲ ਸੀ ਕੀਤਾ
ਰਖਿਉ ਲਾਜ ਓਸ ਮਾਂ ਦੀ
ਜਿਹੜੀ ਮਾਂ ਦਾ ਦੁੱਧ ਹੈ ਪੀਤਾ
"ਬਲਬੀਰ" ਵਾਂਗ ਜੂਝ ਮਰਨਾ
ਕੋਈ ਕੰਡ ਨਾ ਵੈਰੀ ਨੂੰ ਦਿਖਾਵੇ
ਅਣਖਾਂ ਦੀ ਚਿੱਟਾਂ ਪੱਗ ਨੂੰ
ਦੇਖੀਂ ਦਾਗ ਨਾ ਕਿਤੇ ਲੱਗ ਜਾਵੇ

4 ਜਨਵਰੀ 1978

## ਆ ਦੇਹ ਕੇਰਾਂ ਦੀਦਾਰੇ

ਧੰਨ ਗੁਰ ਨਾਨਕ, ਧੰਨ ਗੁਰ ਨਾਨਕ,
ਤੇਰੇ ਚੋਜ਼ ਨਿਆਰੇ।
ਮੁੜ ਕ ਨਾ ਤੇ, ਦਿਤੇ ਦਰਸ਼ਣ,
ਕੈਸੇ ਲਾ ਗਿਐਂ ਲਾਰੇ।

ਕੀ ਐ ਤੇਰਾ ਕਹਿਣਾਂ ਸਾਈਆਂ
ਤੂੰ ਪੀਰਾਂ ਦਾ ਪੀਰ
ਸਿੱਧੇ ਰਸਤੇ ਪਾਵਣ ਦੇ ਲਈ
ਬਨਿਆ ਆਪ ਫਕੀਰ
ਇਹੋ ਪਰਉਪਕਾਰ ਕਰਨ ਲਈ
ਘੁੰਮੀਆਂ ਕੂੰਟਾਂ ਚਾਰੇ
ਧੰਨ ਗੁਰ ਨਾਨਕ.........

ਜੋ ਵੀ ਤੈਂ ਕੰਮ ਕੀਤਾ ਬਾਬਾ
ਕੀਤਾ ਕੰਮ ਨਿਅਰਾ
ਏਕੇ ਦਾ ਤੂੰ ਸਬਕ ਦੱਸਿਆ
ਕਰ ਉਂਗਲੀ ਦਾ ਇਸ਼ਾਰਾ
ਚੌਹ ਵਰਣਾਂ ਨੂੰ ਸਾਂਝੇ ਕੀਤਾ
ਇੱਕਠੇ ਕੀਤੇ ਸਾਰੇ
ਧੰਨ ਗੁਰ ਨਾਨਕ.........

ਕੀਹਨੇ ਤੇਰੀਆਂ ਕਰਨੀਆਂ ਰੀਸਾਂ
ਰੰਕਾਂ ਤੋਂ ਰਾਉ ਬਣਾਏ
ਬਾਬਰ ਜਿਹੇ ਜਾਬਰ ਨੇ ਵੀ
ਚਰਨੀ ਸੀਸ ਨਿਵਾਏ
"ਸਾਹਨੇਵਾਲੀਆਂ ਬਲਬੀਰ" ਕਹੇ
ਆ ਦਹੇ ਕੇਰਾਂ ਦੀਦਾਰੇ
ਧੰਨ ਗੁਰ ਨਾਨਕ.........

5 ਫਰਵਰੀ 1978

## ਇਹ ਦੁਨੀਆਂ

ਹੱਕ ਦੀਆਂ ਸਭ ਕਰਦੇ ਗੱਲਾਂ,
ਕੋਈ ਨਾ ਕਰਦਾ ਫਰਜਾਂ ਦੀ।
ਇਹ ਦੁਨੀਆਂ ਨੌਸਰਬਾਜਾਂ ਦੀ,
ਤੇ ਹੈ ਖ਼ੁਦਗਰਜ਼ਾਂ ਦੀ।

ਬਿਨਾ ਮਤਲਬੋਂ ਕੋਈ ਗੱਲ ਨਹੀਂ
ਮਤਲਬ ਨੂੰ ਪਾਣੀ ਭਰਦੇ ਨੇ
ਨਹੀਂ ਮਤਲਬ ਪਾਸਾ ਵੱਟ ਜਾਂਦੇ
ਮਤਲਬ ਨੂੰ ਸਲਾਮਾਂ ਕਰਦੇ ਨੇ
ਇਹ ਭਰ ਕੇ ਬੇੜਾ ਡੁਬਣਾਂ ਏਂ
ਕੋਈ ਗੱਲ ਨਹੀਂ ਅਸਚਰਜਾਂ ਦੀ
ਇਹ ਦੁਨੀਆਂ.........

ਬੰਦਾ ਆਪਣੀ ਸੋਚ ਮੁਤਾਬਿਕ
ਵਿਚ ਮੁਸ਼ਕਲਾਂ ਫਸਦਾ ਜਾਵੇ
ਦੁਨੀਆਂ ਦੀ ਇਸ ਦੌੜ ਕੇ ਅੰਦਰ
ਹਰ ਕੋਂਈ ਅਗੇ ਵਧਣਾ ਚਾਹਵੇ
ਕਿਤੋਂ ਨਾ ਮਿਲਣ ਦੁਆਵਾਂ ਇਥੇ
ਇਨ੍ਹਾਂ ਸਾਰੀਆਂ ਮਰਜ਼ਾਂ ਦੀ
ਇਹ ਦੁਨੀਆਂ.........

ਇਕ-ਦੂਜੇ ਨੂੰ ਦੇਖ-ਦੇਖ ਕੇ
ਖਰਚੇ ਨੇ ਬੇਅੰਤ ਵਧਾਏ
ਰੋਗ ਅੱਬਲੜੇ ਜਾਣ-ਬੱਝ ਕੇ
ਸਭ ਨੇ ਹੈ ਆਪੇ ਨੇ ਲਾਏ
ਸਿਰ ਤੇ ਪੰਡ ਨੇ ਚੁੱਕੀ ਫਿਰਦੇ
ਬੇ ਓੜਕ ਇਹ ਕਰਜਾਂ ਦੀ
ਇਹ ਦੁਨੀਆਂ.........

ਲੋਕ-ਦਿਖਾਵਾ ਵਧਦਾ ਜਾਵੇ
ਦਿਖਾਵਾ ਹੀ ਪ੍ਰਧਾਨ ਹੋ ਗਿਆ
ਫੋਕੀ ਸ਼ੁਹਰਤ ਫੋਕੀਆਂ ਗੱਲਾਂ
ਖ਼ੁੱਦ ਬੰਦਾ ਪ੍ਰੇਸ਼ਾਨ ਹੋ ਗਿਆ
"ਬਲਬੀਰ" ਰੋਜ਼ਾਨਾ ਗੱਲਾਂ ਸੁਣ ਦਾ
ਨਵੀਆਂ-ਨਵੀਆਂ ਤਰਜ਼ਾਂ ਦੀ
ਇਹ ਦੁਨੀਆਂ ਨੌਸਰਬਾਜਾਂ ਦੀ
ਤੇ ਹੈ ਖ਼ੁਦਗਰਜ਼ਾਂ ਦੀ

8 ਜਨਵਰੀ 2008

## ਨਾਨਕ ਪਿਆਰੇ ਆ ਜਾ

ਕਾਲੂ ਦੇ ਦੁਲਾਰੇ ਆ ਜਾ
ਜੱਗ ਦੇ ਸਹਾਰੇ ਆ ਜਾ
ਨਾਨਕ ਪਿਆਰੇ ਆ ਜਾ
ਕਿਥੇ ਲਾਈਆਂ ਦੇਰੀਆਂ
ਤੇਰੀਆਂ ਉਡੀਕਾਂ ਅੱਖਾਂ
ਪੱਕ ਗਈਆਂ ਮੇਰੀਆਂ

ਬਾਣੀ ਦੀ ਸਗੰਧ ਕੇਰਾਂ
ਪੌਣਾਂ ਵਿਚ ਘੋਲ ਦੇ
ਤੇਰਾਂ-ਤੇਰਾਂ ਕਰਕੇ ਫਿਰ
ਇਕ ਵਾਰੀ ਤੋਲ ਦੇ
ਇੰਨੀਆਂ ਣੀ ਬਹੁਤ
ਮਿਹਰਵਾਨੀਆਂ ਨੇ ਤੇਰੀਆਂ
ਤੇਰੀਆਂ ਉਡੀਕਾਂ ਅੱਖਾਂ.........

ਤਪਦਿਆਂ ਸੀਨਿਆਂ ਨੂੰ
ਆ ਕੇ ਸਾਈਆਂ ਠਾਰ ਦੇ
ਡੁੱਬਦੀਆਂ ਜਿੰਦਾਂ ਦਾਤਾ
ਇਕ ਵਾਰੀ ਤਾਰ ਦੇ
ਹਿਜਰਾਂ ਦੀਆਂ ਮਾਰਾਂ
ਅਸੀਂ ਝੱਲ੍ਹੀਆਂ ਵਥੇਰੀਆਂ
ਤੇਰੀਆਂ ਉਡੀਕਾਂ ਅੱਖਾਂ.........

ਡੁੱਬਦੀ ਜੋ ਬੇੜੀ ਇਹੇ
ਤੂੰ ਹੀ ਪਾਰ ਲਾਉਣੀ ਏਂ
"ਬਲਬੀਰ ਸਾਹਨੇਵਾਲੀਏ" ਦੀ
ਆਬਰੂ ਬਚਾਉਂਣੀ ਏ
ਜ਼ੁਲਮ ਦੀਆਂ ਦੇਖੀਂ ਨਾਲੇ
ਝੁੱਲੀਆ ਹਨੇਰੀਆਂ
ਤੇਰੀਆਂ ਉਡੀਕਾਂ ਅੱਖਾਂ.........

## ਦੇਸ਼ ਦਾ ਪਹਿਰੇਦਾਰ

ਮੁੰ: ਤੂੰ ਪਾਸੇ ਹਟ ਜਾ ਗੋਰੀਏ
ਜਾ ਲਵਾਂ ਵਤਨਾਂ ਦੀ ਸਾਰ
ਪੜੋਸੀ ਨੇ ਦੋਸਤੀ ਛੱਡ ਕੇ
ਸਾਡੇ ਪਿੱਠ 'ਚ ਮਾਰੀ ਕਟਾਰ
ਉਨ੍ਹਾਂ ਕੀਤੀਆਂ ਦਗੇਬਾਜ਼ੀਆਂ
ਬਣ ਸਾਡੇ ਰਾਜ਼ਦਾਰ
ਤੂੰ ਧੀਰਜ ਰੱਖ ਲੈ ਹਾਨਣੇ
ਹੁਣ ਛੱਡ ਦੇ ਮੇਰੇ ਹੱਥਿਆਰ

ਕੁ: ਮੈਂ ਅਜੇ ਨਾ ਕੁਝ ਵੀ ਦੇਖਿਆ
ਤੂੰ ਹੁਣੇ ਨਾ ਵਿਛੋੜਾ ਪਾ
ਮੇਰੇ ਕੰਨ ਨਾ ਇਹ ਬੋਲ ਝੱਲ੍ਹਦੇ
ਮੈਨੂੰ ਹੋਰ ਨਾ ਕੁਝ ਵੀ ਸੁਣਾ
ਮੇਰਾ ਨਰਮ ਕਾਲਜਾ ਧੜਕ ਦਾ
ਨਾ ਤੀਰ ਬ੍ਰਿਹੋਂ ਦੇ ਲਾਅ
ਮੈਂ ਮਿੰਨਤਾਂ ਕਰਦੀ ਤੇਰੀਆਂ
ਰੱਬ ਕਰਕੇ ਅਜੇ ਨਾ ਜਾਹ

ਮੁੰ: ਮੈਨੂੰ ਹੱਦੋਂ ਵੱਧ ਹੈ ਸੁਹਣੀਏਂ
ਵਤਨ ਆਪਣੇ ਨਾਲ ਪਿਆਰ
ਭੂੰਡ ਬੈਠੇ ਆਣ ਗੁਲਾਬ ਤੇ
ਮੈਂ ਕਿਕੁਣ ਲਵਾਂ ਸਹਾਰ
ਕਿਉਂ ਦਿਲ ਥੋੜਾ ਏਂ ਕਰਦੀ
ਤੂੰ ਹੋ ਕੇ ਪੰਜਾਬੀ ਮੁਟਿਆਰ
ਮੈਂ ਫਰਜ਼ ਸਮਝਦਾਂ ਆਪਣਾ
ਹਾਂ ਦੇਸ ਦਾ ਪਹਿਰੇਦਾਰ

ਕੁ: ਵੇ ਜੇ ਤੂੰ ਜਾਣਾ ਜੰਗ ਨੂੰ
ਤਾਂ ਮੈਨੂੰ ਵੀ ਨਾਲ ਲੈ ਜਾ
"ਸਾਹਮਣੇ ਵਾਲੀਆਂ" ਆਖਾ ਮੰਨ ਲੈ

ਹੁਣ ਦੇਰ ਰਤਾ ਨਾ ਲਾ
ਮੈਂ "ਝਾਂਸੀ ਰਾਣੀ" ਬਣ ਕੇ
ਦੇਉਂ ਰਣ ਵਿਚ ਧੁੰਮਾਂ ਪਾ
ਮੈਂ ਵੱਢ-ਵੱਢ ਸੁਟੂੰ ਛੱਤਰੂ
ਦੇਉਂ ਖ਼ੂੰਨ ਦੀ ਨਦੀ ਬਹਾ

ਮੁੰ: ਤੂੰ ਨਿਕਲੀ ਸੀਹਣੀ ਪੰਜਾਬ ਦੀ
ਮੈਂ ਜਾਵਾਂ ਤੈਥੋਂ ਬਲਿਹਾਰ
ਮੈਂ ਸਾਂਭਾਂ ਆਪਣੇ ਦੇਸ਼ ਨੂੰ
ਤੂੰ ਸਾਂਭ ਆਪਣਾ ਘਰ-ਬਾਰ
ਜੇ ਤੇਰੇ ਜਹੀਆਂ ਹੋਣ ਸਭ ਨਾਰੀਆਂ
ਆਵੇ ਵਤਨ ਤੇ ਨਵੀਂ ਬਹਾਰ
ਮੈਂ ਚੱਲਿਆਂ ਵਿਚ ਮੈਦਾਨ ਦੇ
ਵੈਰੀ ਨਾਲ ਕਰਨ ਹੱਥ ਚਾਰ

ਕੁੰ: ਮੈਂ ਹੁਣ ਨਾ ਕਦੇ ਵੀ ਰੋਕਦੀ
ਤੂੰ ਜੰਮ-ਜੰਮ ਲਾਮ ਨੂੰ ਜਾਹ
ਉਥੇ ਐਸੀ ਮਾਰਨੀ ਮਾਰਦੈਂ
ਮੁੜ ਆਵੇ ਨਾ ਵੈਰੀ ਨੂੰ ਸਾਹ
ਤੂੰ ਸਿਰ ਤੇ ਕਫਨ ਬੰਨ੍ਹ ਕੇ
ਅਤੇ ਗੁਰੂ ਨੂੰ ਫਤਹਿ ਬੁਲਾ
"ਬਲਬੀਰ" ਇਕ ਹੰਝੂ ਨਾ ਸੁਣਾਂਗੀ
ਜੇ ਗਿਆ ਤੂੰ ਸ਼ਹੀਦੀਆਂ ਪਾ

16 ਜੂਨ 1968

## ਅਨੰਦਰਪੁਰ ਵਾਸੀ

ਮਾਏ ਨੇ ਮਾਏ ਸਾਡੇ,
ਜੰਗਲਾਂ ਦੇ ਵਿਚ ਅੱਜ,
ਅਨੰਦਪੁਰ ਵਾਸੀ ਗਿਆ ਆ।
ਸਿਰ ਤੇ ਨਾ ਤਾਜ ਉਹਦੇ,
ਪੈਰ ਵੀ ਨੇ ਨੰਗ ਮਾਏ,
ਖੌਰੇ ਕਿਹੜੇ ਹਾਲੀਂ ਪਹੁੰਚਾ।

ਪਹਿਲਾ ਵਾਰ ਕੀਤਾ ਮਾਏ,
ਵੈਰੀਆਂ ਨੇ ਉਹਦੇ ਉਤੇ,
ਦੂਜਾ ਵਾਰ ਸਰਸਾ ਨਦੀ।
ਨਿੱਕੇ-ਨਿੱਕੇ ਬਾਲ ਮਾਏ,
ਵਿਛੜਗੇ ਪਿਤਾ ਕੋਲੋ,
ਰਹਿੰਦੇ ਸੀ ਮਹਿਲੀ ਜੋ ਕਦੀ।
ਛੋਟੇ-ਛੋਟੇ ਲਾਲ ਦੋਨੋਂ,
ਆ ਗਏ ਹੱਥ ਪਾਪੀਆਂ ਦੇ,
ਦਿਤੇ ਉਨ੍ਹਾਂ ਕੰਧਾਂ 'ਚ ਚੁਣਾ।
ਮਾਏ ਨੀ ਮਾਏ.........

ਅਜੀਤ ਤੇ ਜੁਝਾਰ ਦੋਵੇਂ,
ਪਿਤਾ ਜੀ ਦੇ ਨਾਲ ਮਾਏ,
ਆ ਗੇ ਚਮਕੌਰ ਦੀ ਗੜ੍ਹੀ।
ਟਿੱਡੀ-ਦਲ ਵਾਂਗੂੰ ਮਾਏ,
ਫੌਜ ਵੈਰੀ ਦੀ ਡਾਢੀ,
ਚਮਕੌਰ ਉਤੇ ਆਣ ਕੇ ਚੜ੍ਹੀ।
ਫੁੱਲਾਂ ਨਾਲੋਂ ਸੁਹਲ ਜਿੰਦਾਂ,
ਮੌਤ ਦੇ ਹਵਾਲੇ ਹੋਈਆਂ,
ਪਿਤਾ ਜੀ ਨੂੰ ਫਤਹਿ ਨੀ ਬੁਲਾ।
ਮਾਏ ਨੀ ਮਾਏ.........

ਓੜਕ ਗੁਰੂ ਜੀ ਉਥੋਂ,
ਸਿੱਖਾਂ ਦੇ ਕਹਿੰਣ ਉਤੇ,
ਮਾਛੀਵਾੜੇ ਦੇ ਵੱਲ ਆਏ।
ਪੀ ਕੇ ਨੀ ਪਾਣੀ ਖੂਹ ਤੋਂ,
ਟਿੰਡ ਦਾ ਸਰ੍ਹਾਣਾ ਲਾ ਕੇ,
ਸੂਲਾਂ ਉਤੇ ਆਸਣ ਸੀ ਲਾਏ,
ਸੁਣ ਕੇ ਨੀ ਗੱਲ ਸਾਰੀ,
"ਬਲਬੀਰ" ਦੇ ਕੋਲੋਂ ਮਾਏ,
ਰੁੱਗ ਨੀ ਕਲੇਜੇ ਨੂੰ ਭਰਿਆ।
ਮਾਏ ਨੀ ਮਾਏ.........

4 ਅਗਸਤ 1977

## ਸ਼ੇਰ ਜੁਆਨਾ

ਹਿੰਦ ਦਿਆ ਸ਼ੇਰ ਜੁਆਨਾ ਵੇ।
ਤੈਥੋਂ ਡਰਦਾ ਕੁੱਲ ਜਮਾਨਾ ਵੇ।

ਤੈਂ ਚੀਨੀਆਂ ਦੀ ਚੀਂ-ਚੀਂ ਹਟਾ ਦਿਤੀ
ਪਾਕੀਆਂ ਦੀ ਰੜਕ ਮਿਟਾ ਦਿਤੀ
ਦੁਸ਼ਮਣਾਂ ਤੇ ਧਾਕ ਬਿਠਾ ਦਿਤੀ
ਤੂੰ ਐਸਾ ਮਾਰਿਆ ਨਿਸ਼ਾਨਾ ਵੇ
ਹਿੰਦ ਦਿਆ ਸ਼ੇਰ.........

ਭਾਰਤ ਦੇ ਬਾਗ ਦਾ ਮਾਲੀ ਏਂ
ਵੈਰੀ ਲਈ ਬੰਦੂਕ ਦੋਨਾਲੀ ਏਂ
ਤੂੰ ਅਮਨਾਂ ਦਾ ਰਖਵਾਲੀ ਏ
ਤੈਂ ਵਾਰੀਆਂ ਦੇਸ਼ ਤੋਂ ਜਾਨਾਂ ਵੇ
ਹਿੰਦ ਦਿਆ ਸ਼ੇਰ.........

ਤੈਨੂੰ ਜਾਣੇ ਖਲਕਤ ਸਾਰੀ ਵੇ
ਐਸੀ ਤੇਗ ਤੂੰ ਰਣ ਵਿੱਚ ਮਾਰੀ ਵੇ
ਸਦਾ ਕਰੀ ਕੁਰਬਾਨੀ ਭਾਰੀ ਵੇ
"ਬਲਬੀਰ" ਤੂੰ ਬਣ ਪ੍ਵਾਨਾ ਵੇ
ਹਿੰਦ ਦਿਆ ਸ਼ੇਰ.........

6 ਜਨਵਰੀ 1968

# ਖੇਤੀ ਕਰ ਲੈ ਤੂੰ

ਲੋਕਾਂ ਨੇ ਸਭ ਕਰੀ ਬਿਜਾਈ
ਤੂੰ ਬੀਜਿਆ ਨਾ ਕਿਆਰਾ
ਵੇ ਖੇਤੀ ਕਰ ਲੈ ਤੂੰ
ਪਿੰਡ ਦਿਆ ਨੰਬਰਦਾਰਾ

ਦੇਸ਼ ਏ ਆਪਣਾ ਅੰਨ-ਸੰਕਟ 'ਚ
ਡਾਢਾ ਫਸਿਆ ਹੋਇਆ
ਜਿਹਨੇ ਵਿਹਲੇ ਬਹਿ ਖਾਧਾ
ਓੜਕ-2 ਨੂੰ ਉਹ ਰੋਇਆ
ਝਗੜਿਆਂ ਦੀ ਨੂੰ ਜੜ੍ਹ ਲੱਗਾ-ਨਾਰਾ
ਝਗੜਿਆਂ ਦੀ ਤੂੰ ਜੜ੍ਹ ਏਂ ਬਣਿਆਂ
ਵੇਚ ਕੇ ਬੱਗਾ ਨਾਰਾ
ਵੇ ਖੇਤੀ ਕਰ ਲੈ ਤੂੰ.........

ਜਿੰਨੇ ਵੀ ਤੇਰੇ ਹਾਣੀ ਹਾਣੀਆਂ
ਐਸ਼ਾਂ ਨਿੱਤ ਉਡਾਉਂਦੇ
ਦੇਖ ਟਰੈਕਟਰ ਉਨ੍ਹਾ ਦੇ ਤੂੰ
ਜ਼ੁਲਫਾਂ ਬੰਜਰ ਦੀਆਂ ਵਹੁੰਦੇ
ਉਨ੍ਹਾਂ ਨੇ ਪਾਈਆਂ ਪੱਕੀਆਂ ਕੋਠੀਆਂ
ਸਾਡਾ ਉਹੀ ਏ ਢਾਰਾ
ਵੇ ਖੇਤੀ ਕਰ ਲੈ ਤੂੰ.........

ਨਵੇਂ ਕਿਸਮ ਦੀਆਂ ਕਣਕਾਂ ਚੱਲੀਆਂ
ਗਿੱਠ-ਗਿੱਠ ਲੰਮੀਆਂ ਬੱਲੀਆਂ
ਟਾਂਡੇ ਮੱਕੀ ਦੇ ਬਾਸਾ ਵਰਗੇ
ਬਾਹਵਾਂ ਵਰਗੀਆਂ ਛੱਲੀਆਂ
ਹੱਲਟਾਂ ਦੀ ਹੁਣ ਟਿੱਕ-ਟਿੱਕ ਦੀ ਥਾਂ
ਟਿਊਬਵੈਲ ਛੱਡੇ ਫੁਆਰਾ
ਵੇ ਖੇਤੀ ਕਰ ਲੈ ਤੂੰ.........

ਸਿੱਟੇ ਲਗਦੇ ਬਾਜਿਆਂ ਨੂੰ
ਗੁੱਤ ਮੇਰੀ ਤੋਂ ਲੰਬੇ
ਕੁਆਰੀ ਕੁੜੀ ਜਿਉਂ ਨਰਮਾਂ ਹੱਸੇ
ਚੁਗਦੀ ਜੱਟੀ ਨਾ ਹੰਭੇ
"ਬਲਬੀਰ" ਹੁਣ ਤਾਂ ਖੇਤਾਂ ਦੇ ਵਿਚ
ਜੰਨਤ ਜਿਹਾ ਨਜਾਰਾ
ਵੇ ਖੇਤੀ ਕਰ ਲੈ ਤੂੰ.........

2 ਫਰਵਰੀ 1969

## ਵਾਸੀਂ ਭਾਰਤ ਦੇਸ਼ ਦੇ

ਅਸੀਂ ਵਾਸੀ ਭਾਰਤ ਦੇਸ਼ ਦੇ,
ਅਤੇ ਇਹੋ ਸਾਡੀ ਜਿੰਦ-ਜਾਨ।
ਜਾਨ ਜਾਏ ਤਾਂ ਪਈ ਜਾਏ,
ਨਾ ਹੋਣ ਦਈਏ ਅਪਮਾਨ।

ਮਾਂ ਸਾਡੀ ਦੇ ਸਿਰ ਉਤੋਂ ਜੇ
ਲਾਹਵੇ ਆਣ ਕੋਈ ਚੁੰਨੀ
ਉਥੇ ਈ ਓਹਦੀ ਖੁੰਬ ਠੱਪੀਏ
ਸਮਝ ਕੇ ਉਹਨੂੰ ਖੂੰਨੀ
ਵੱਢ-ਵੱਢ ਫਿਰ ਕਰੀਏ ਟੋਟੇ
ਦਈਏ ਨਾ ਭੱਜੇ ਨੂੰ ਜਾਣ
ਅਸੀਂ ਵਾਸੀ ਭਾਰਤ.........

ਅਸੀਂ "ਭਗਤ ਸਿੰਘ" ਦੇ ਵੀਰ ਹਾਂ
ਹੈ ਪਿਤਾ ਸਾਡਾ ਦਸਮੇਸ਼
ਏਥੇ ਜੰਮਦੇ ਯੋਧੇ-ਸੂਰਮੇ
ਇਹ ਬਲੀਆਂ ਦਾ ਏ ਦੇਸ਼
ਸੀ ਨਲੂਆਂ ਇਥੇ ਇਕ ਸੂਰਮਾ
ਜੀਹਤੋਂ ਅਜ ਵੀ ਡਰਨ ਪਠਾਣ
ਅਸੀਂ ਵਾਸੀ ਭਾਰਤ.........

"ਰਾਜ ਗਰੂ", "ਸੁਖਦੇਵ" ਜਿਹੇ
ਆਪਣੀ ਜਾਨ ਗਏ ਨੇ ਵਾਰ
ਸਾਡੇ ਪਿਤਾ ਗੁਰੂ ਗੋਬਿੰਦ ਨੇ
ਆਪਣਾ ਵਾਰ ਦਿਤਾ ਪਰਿਬਾਰ
"ਬਲਬੀਰ" ਕੁਰਬਾਨੀ ਵਤਨ ਲਈ
ਹੈ ਉਹਨਾਂ ਦਾ ਫੁਰਮਾਨ
ਅਸੀਂ ਵਾਸੀ ਭਾਰਤ.........

25 ਜੁਲਾਈ 1969

## ਅਸਲ ਪੜ੍ਹਾਈ

"ਊੜੈ ਉਪਮਾਂ ਤਾ ਕੀ ਕੀਜੈ
ਜਾ ਕਾ ਅੰਤ ਨਾ ਪਾਇਆ"
ਅਸਲ ਪੜ੍ਹਾਈ ਕਿਹਨੂੰ ਕਹਿੰਦੇ
ਪਾਧੇ ਨੂੰ ਸਮਝਾਇਆ

ਪੜ੍ਹਦੇ ਤਾਂ ਨੇ ਲੋਕੀ ਸਾਰੇ
ਤੂੰ ਸਹੀ ਰਮਜ਼ ਪਛਾਣੀ
ਤਾਹੀਉਂ ਰਮਜ਼ ਪਛਾਣੀ
ਭਰਦੇ ਦੇਖੇ ਪਾਣੀ
ਪੜ੍ਹਨ ਗਿਆ ਸੀ ਪਾਧੇ ਕੋਲੇ
ਪਾਧੇ ਪੜ੍ਹਾਈ ਆਇਆ
ਅਸਲ ਪੜ੍ਹਾਈ ਕੀਹਨੂੰ..........

ਬੜੇ-ਬੜੇ ਰਾਜੇ ਰਾਣਿਆਂ
ਤੇਰੇ ਚਰਨੀ ਸੀਸ ਨਿਵਾਏ
"ਸੱਜਣ" ਵਰਗੇ ਠੱਗਵਾੜੇ
ਤੂੰ ਅਸਲ ਸੱਜਣ ਬਣਾਏ
ਬਲੀ ਕੰਧਾਰੀ ਸੁੱਟਿਆ ਪ੍ਰਬਤ
ਨਾਲ ਪੰਜੇ ਅਟਕਾਇਆ
ਅਸਲ ਪੜ੍ਹਾਈ ਕੀਹਨੂੰ..........

"ਬਾਬਰ" ਜਿਹੇ ਬਦਕਾਰਾਂ ਜਾ
ਬੰਦੀ-ਖਾਨੇ ਬੰਦ ਕੀਤਾ
ਘਾਟਾ ਉਹਦੇ ਮਾਣ ਵਾਲਾ ਤੂੰ
ਚੱਕੀਆਂ ਵਿਚ ਪੀਹ ਦਿਤਾ
"ਬਲਬੀਰ" ਦੇਖਕੇ ਕੌਤਕ ਤੇਰਾ
ਖੁਦ ਸਿੱਧੇ ਰਾਹ ਆਇਆ
ਅਸਲ ਪੜ੍ਹਾਈ ਕੀਹਨੂੰ..........

14 ਅਪ੍ਰੈਲ 1968

## ਦੇਸ਼ ਪੰਜਾਬ

ਵਗਦੀ ਨਦੀ ਦੇ ਵਿਚ,
ਫੁੱਲ ਏ ਗੁਲਾਬ ਦਾ।
ਸਾਨੀ ਨਾ ਕੋਈ ਦੇਸ਼ਾਂ ਵਿਚੋ,
ਦੇਸ਼ ਪੰਜਾਬ ਦਾ।

ਸ਼ਾਲਾ ਵਧੇ-ਫੁੱਲੇ ਮੇਰਾ ਵਤਨ
ਹੱਥ ਅੰਬਰਾਂ ਨੂੰ ਲਾਵੇ
ਦੁਨੀਆਂ ਦਾ ਹੋਰ ਮੁਲਕ ਏਸ ਦੀਆਂ
ਬਾਤਾਂ ਹਰਦਾਮ ਪਾਵੇ
ਚਮਕਦਾ ਰਹੇ ਜਦ ਤੱਕ
ਚਾਨਣ ਆਫਤਾਬ ਦਾ
ਸਾਨੀ ਨਾ ਕੋਈ..........

"ਭਗਤ ਸਿੰਘ" ਜਿਹੇ ਫਾਂਸੀ ਦਾ ਫੰਦਾ
ਸਮਝ ਕੇ ਪਾਉਂਦੇ ਗਾਨੀ
"ਰਾਜ ਗੁਰੂ" "ਸੁਖਦੇਵ" ਜਿਹਆਂ ਨੇ
ਵਾਰੀ ਦੇਸ਼ ਤੋਂ ਜਿੰਦਗਾਨੀ
ਪਤਾ ਨਹੀਉ ਕਿਸੇ ਨੂੰ ਏਸ ਦੇ ਹਿਸਾਬ ਦਾ
ਸਾਨੀ ਦਾ ਕੋਈ..........

ਸਭ ਨੂੰ ਇਥੇ ਹੱਕ ਬਰਾਬਰ
ਗੱਭਰੂ ਕੀ ਮੁਟਿਆਰ
ਆਪੋ-ਆਪਣੇ ਥਾਂ ਉਤੇ
ਹਰ-ਕੋਈ ਹੈ ਸਰਦਾਰ
"ਸਾਹਨੇਵਾਲੀਏ" ਜਨਾਬ ਦਾ
ਸਾਨੀ ਨਾ ਕੋਈ..........

13 ਅਪ੍ਰੈਲ ਕੋਈ..........

## ਭਾਰਤ ਮਾਤਾ

ਐ ਪਿਆਰੀ ਭਾਰਤ ਮਾਤਾ,
ਤੇਰੀ ਸ਼ਾਨ ਵਧਾਵਾਂਗੇ।
ਲੋੜ ਪਈ ਜੇ ਤੇਰੀ ਖਾਤਰ,
ਜ਼ਿੰਦੜੀ ਘੋਲ ਘੁਮਾਂਵਾਂਗੇ।

ਅਸੀਂ ਹਾਂ ਗੋਲੇ, ਅਸੀਂ ਆ ਤੋਪਾਂ
ਅਸੀਂ ਆਂ ਤੀਰ ਅਣਿਆਲੇ
ਅੰਬਰਾਂ ਤੇ ਤੇਰੀ ਸ਼ਾਨ ਚਮਕੇਗੀ
ਦੇਖਣਗੇ ਦੁਨੀਆ ਵਾਲੇ
ਕਹਿੰਦੇ ਨਹੀਂ ਅਸੀਂ ਨਿਰੇ
ਕਰਕੇ ਵੀ ਦਿਖਲਾਂਵਾਗੇ
ਲੋੜ ਪਈ ਜੇ ਤੇਰੀ..........

ਮੁੱਢੋਂ ਹਾਂ ਅਸੀਂ ਅਮਾਨ ਪੁਜਾਰੀ
ਹਰ ਦੇਸ਼ ਨਾਲ ਚਹੁੰਦੇ ਯਾਰੀ
ਜੇ ਕੋਈ ਸਾਡੀ ਅਣਖ ਵੰਗਾਰੇ
ਤਵਾਹੀ ਕਰਦੇ ਅਸੀਂ ਆਂ ਭਾਰੀ
ਦੁਸਮਣਾਂ ਦੇ ਖ਼ੂੰਨ ਦੀਆਂ ਨਹਿਰਾਂ
ਵਿਚ ਅਸੀਂ ਨਹਾਵਾਂਗੇਂ
ਲੋੜ ਪਈ ਜੇ ਤੇਰੀ..........

ਨਾ ਡਰ ਦਈਏ ਨਾ ਡਰ ਲਈਏ
ਇਹੋ ਅਸੀਂ ਹਾਂ ਚਹੁੰਦੇ
"ਬਲਬੀਰ" ਵਾਰ ਕਰੇ ਜੋ ਪਹਿਲਾਂ
ਲੋਹੇ ਦੇ ਚਣੇ ਚਵਾਉਂਦੇਂ
ਤੇਰੇ ਵੈਰੀ ਜਿੰਨੇ ਵੀ ਨੇ
ਚੁੱਣ-ਚੁੱਣ ਮਾਰ ਮੁਕਾਵਾਂਗੇ
ਲੋੜ ਪਈ ਜੇ ਤੇਰੀ..........

20 ਫਰਵਰੀ 1969

## ਸਾਹਿਬਜ਼ਾਦੇ-ਬਜੀਰ ਖਾਨ

**ਵਜ਼ੀਰ ਖਾਨ-** ਕਹਿੰਨਾ ਮੇਰਾ ਮੰਨ ਲਓ
ਤੁਸੀਂ ਬੱਚੇ ਅਜੇ ਨਿਦਾਨ
ਮੈਨੂੰ ਦੱਸੋਂ ਕਿਹੜੀ ਗੱਲ ਦਾ
ਇੰਨਾਂ ਕਰਦੇ ਹੋ ਅਭਿਮਾਨ
ਜਿਉਂਦੇ ਕੰਧੀਂ ਚਿਣਵਾ ਦੂੰ
ਨਹੀਂ ਪੜ੍ਹ ਲਓ ਤੁਸੀਂ ਕੁਰਾਨ
ਮੈਂ ਜ਼ਿਦੀ ਪੂਰਾ ਪੁੱਜ ਕੇ
ਮੈਨੂੰ ਕਹਿੰਣ ਵਜ਼ੀਰ ਖਾਂਨ

**ਸਾਹਿਬਜ਼ਾਦੇ-** ਗੱਲ ਸੁਣ ਲੈ ਕੰਨਾਂ ਨੂੰ ਖੋਲ ਕੇ
ਕਿਤੇ ਸਮਝੀਂ ਨਾ ਸਾਨੂੰ ਬਾਲ
ਜੋ ਹੁੰਦਾ ਏ ਤੈਥੋਂ ਕਰ ਲੈ
ਤੇਰਾ ਨੇੜੇ ਆਇਆ ਕਾਲ
ਇਕ ਗੰਗੂ ਖੇੜੀ ਵਾਲੜਾ
ਤੂੰ ਵੀ ਰਲਿਆ ਉਹਦੇ ਨਾਲ
ਭਾਵੇਂ ਗੋਲੀ ਮਾਰ ਤੂੰ ਦੂਤੀਆ
ਸਾਡੀ ਛਾਤੀ ਬਣੀ ਏਂ ਢਾਲ

**ਵਜ਼ੀਰ ਖਾਂਨ-** ਕਾਹਨੂੰ ਜਾਣ ਕੇ ਮੌਤ ਸਹੇੜ ਦੇ
ਇਹੇ ਮੁੜ ਨਾ ਲੱਭਣੀ ਜਾਂਨ
ਰਹਿੰਣ ਲਈ ਮਹਿਲ-ਮਾੜ੍ਹੀਆਂ
ਹੋਊ ਜੱਗ ਚ ਉੱਚੀ ਸ਼ਾਨ
ਥੋਡੇ ਜਗੀਰਾਂ ਨਾਉਂ ਲਗ਼ਵਾਦੂੰ
ਕਰੂੰ ਰਾਜ-ਕੁਆਰੀਆਂ ਦਾਨ
ਹੋਰ ਸਾਰ ਕਿਸੇ ਨਾ ਪੁੱਛਣੀ
ਹੁਣ ਮੈਂ ਹੀ ਥੋਡਾ ਭਗਵਾਨ

**ਸਾਹਿਬਜ਼ਾਦੇ-** ਸਾਨੂੰ ਮੌਤ-ਮੌਤ ਤੂੰ ਆਖ ਕੇ
ਐਵੇਂ ਕਾਹਨੂੰ ਰਿਹੈਂ ਡਰਾ
ਅਸੀਂ ਡਰੀਏ ਮੌਤੋਂ ਮੂਲ ਨਾ

ਜੋ ਲਾਉਂਣੀ ਏਂ ਵਾਹ ਤੂੰ ਲਾ
ਸਾਡੀ ਉਮਰ ਨਿਆਣੀ ਦੇਖਕੇ
ਰਿਹੈਂ ਵਾਰ-ਵਾਰ ਧਮਕਾ
ਜੜ੍ਹ ਆਪੇ ਆਪਣੇ ਰਾਜ ਦੀ
ਖੁਦ ਹੱਥੀਂ ਰਿਹੈਂ ਪੁਟਾ

**ਵਜ਼ੀਰ ਖਾਂਨ**- ਥੋਨੂੰ ਕਾਲ ਨੇ ਘੇਰਾ ਪਾ ਲਿਆ
ਗੱਲ ਰਹੀ ਨਾ ਥੋਡੇ ਵੱਸ
ਅੱਜ ਅਜ਼ਰਾਈਲ ਫਰਿਸ਼ਤਾ
ਥੋਨੂੰ ਦੇਖ ਰਿਹਾ ਹੋਊਂ ਹੱਸ
ਕਿਉਂ ਖੌਫ ਰਤਾ ਨਾ ਜਾਂਨ ਦਾ
ਕੀ ਪਿਆ ਸਿੱਖੀਆਂ ਦਾ ਝੱਸ
ਅਜੇ ਕੀ ਦੁਨੀਆਂ ਤੇ ਦੇਖਿਆ
ਗਏ ਮੌਤ ਦੇ ਪੰਜੇ 'ਚ ਫਸ

**ਸਾਹਿਬਜ਼ਾਦੇ**- ਅਸੀਂ ਪੁੱਤਰ ਓਸ ਸੇਰ ਦੇ
ਜੀਹਦੀ ਭਬਕ ਤੋਂ ਕੰਬੇ ਅਸਮਾਨ
ਉਹੇ ਪੁੱਤਰ ਐਸੇ ਪਿਤਾ ਦਾ
ਜੀਹਨੇ ਹਿੰਦ ਦੀ ਬਚਾਈ ਆਨ
"ਧਰ ਪਈਐ ਧਰਮ ਨਾ ਛੋੜੀਐ"
ਹੈ ਉਹਨਾਂ ਦਾ ਫੁਰਮਾਨ
"ਬਲਬੀਰ" ਜੋ ਜੰਮਿਆ ਜੱਗ ਤੇ
ਅੰਤ ਜਾਣਾ ਉਨ੍ਹੇ ਸ਼ਮਸ਼ਾਨ

16 ਜੂਨ 1969

## ਦੇਸ਼ ਦੀ ਸ਼ਾਨ

ਸਾਡੇ ਦੇਸ਼ ਦੀ ਦੇਖ ਕੇ ਸ਼ਾਨ ਕੁੜੇ।
ਮੈਂ ਤਾਂ ਹੋਈ ਫਿਰਾਂ ਹੈਰਾਨ ਕੁੜੇ।

ਕਿਤੇ ਨਹਿਰਾਂ ਜਾਲ ਵਿਛਾਏ ਨੇ
ਕਿਤੇ ਬਿਜਲੀ ਚੰਦ ਚੜ੍ਹਾਏ ਨੇ
ਸੜਕਾਂ ਨੇ ਅਰਾਮ ਵਧਾਏ ਨੇ
ਤਰੱਕੀ ਵਲ ਸਭ ਦਾ ਧਿਆਨ ਕੁੜੇ
ਸਾਡੇ ਦੇਸ਼ ਦੀ..........

ਕਿਤੇ ਗਭਰੂ ਭੰਗੜੇ ਪਾਉਂਣ ਪਏ
ਖੁਸ਼ੀਆਂ 'ਚ ਢੋਲੇ ਗਾਉਂਣ ਪਏ
ਕਿਧਰੇ ਮੋਰਵੀ ਬੈਲਾਂ ਪਾਉਣ ਪਏ
ਸਾਡਾ ਦੁਨੀਆਂ 'ਚ ਹੋਵੇ ਮਾਣ ਕੁੜੇ
ਸਾਡੇ ਦੇਸ਼ ਦੀ..........

ਕਿਤੇ ਮਿੱਲਾਂ, ਕਾਰਖਾਨੇ ਚਲਦੇ ਨੇ
ਕਿਸੇ ਦੇ ਹੱਥਾਂ 'ਚ ਮੁੰਨੇ ਹਲ ਦੇ ਨੇ
ਕਿਤੇ ਟ੍ਰੈਕਟਰ, ਟਿਊਬਵੈਲ ਚਲਦੇ ਨੇ
ਕਿਤੇ ਉਗਦਾ ਕਮਾਦ ਤੇ ਧਾਨ ਕੁੜੇ
ਸਾਡੇ ਦੇਸ ਦੀ..........

ਕਿਤੇ ਮੁਟਿਆਰਾਂ ਗਿੱਧਾ ਪਾਉਂਦੀਆਂ ਨੇ
ਤੀਆਂ ਵਿਚ ਸਾਉਣ ਮਨਾਉਂਦੀਆਂ ਨੇ
ਤ੍ਰਿਜਣਾਂ ਵਿਚ ਚਰਖੇ ਡਾਹਉਂਦੀਆਂ ਨੇ
ਕਿਵੇਂ ਕਰੇ "ਬਲਬੀਰ" ਬਿਆਨ ਕੁੜੇ
ਸਾਡੇ ਦੇਸ਼ ਦੀ ਦੇਖ ਕੇ ਸ਼ਾਨ ਕੁੜੇ
ਮੈਂ ਤਾਂ ਹੋਈ ਫਿਰਾਂ ਹੈਰਾਨ ਕੁੜੇ

28 ਜੁਲਾਈ 1968

## ਅਪਣਾ ਫਰਜ਼

ਤੂੰ ਗੱਲ ਸੁਣ ਮੇਰੇ ਵੀਰਨਾ,
ਉਠ ਆਪਣਾ ਫਰਜ ਪਛਾਣ।
ਤੇਰੇ ਆਪਣੇ ਦੇਸ਼ ਦੀ ਹੱਦ ਤੇ,
ਵੈਰੀ ਲੱਗਿਆ ਸ਼ੋਰ ਮਚਾਣ।

ਤੇਰਾ ਵੀਰ "ਕਰਨੈਲ" ਵਿਚ ਗੋਆ ਦੇ
ਗਿਆ ਜਾਨ ਦੀ ਬਾਜ਼ੀ ਲਾ
ਦੂਜਾ "ਕੇਵਲ" ਵਿਚ ਨੀਫਾ ਦੇ
ਗਿਆ ਜਿੰਦੜੀ ਘੋਲ ਘੁਮਾ
ਅੱਜ ਸ਼ੇਰਾਂ ਦੀ ਦਹਿਲੀਜ਼ ਤੇ
ਲਿਆ ਪੈਰ ਗਿੱਦੜਾਂ ਨੇ ਪਾ
ਮੁੜ ਅਮਨ ਭੰਗ ਨਾ ਕਰਨਗੇ
ਤੂੰ ਐਸਾ ਸਬਕ ਸਿਖਾ
ਤੈਨੂੰ ਕੌਣ ਏਂ ਜੋ ਨਾ ਜਾਣਦਾ
ਤੇਰੀ ਦੁਨੀਆਂ ਵਿਚ ਏ ਸ਼ਾਨ
ਤੂੰ ਗੱਲ ਸੁਣ ਮੇਰੇ..........

ਤੂੰ ਪੁੱਤਰ ਏਂ ਗੁਰੂ ਦਸਮੇਸ਼ ਦਾ
ਜਿਨ੍ਹੇ ਵਾਰਿਆ ਸੀ ਪਰਿਵਾਰ
ਦੋ ਚਿਣੇ ਗਏ ਵਿਚ ਨੀਹਾਂ ਦੇ
ਜੰਗ ਲੜੇ ਸੀ ਅਜੀਤ-ਜੁਝਾਰ
ਤੇਰਾ ਬਹਾਦਰ ਜੋ ਚਾਦਰ ਹਿੰਦ ਦੀ
ਅੱਜ ਸ਼ਹੀ ਦਾ ਦੇਸ਼ਰਦਾਰ
ਦੇਖ ਸ਼ੇਰਾਂ ਦੇ ਘਰ ਗਿੱਦੜ ਵੀ
ਅੱਜ ਰਹੇ ਨੇ ਗੇੜੇ ਮਾਰ
ਜੋ ਕੰਮ ਆਉਂਦਾ ਏ ਕੌਮ ਦੇ
ਉਹਦਾ ਹਮੇਸ਼ਾਂ ਹੁੰਦਾ ਏ ਮਾਣ
ਤੂੰ ਗੱਲ ਸੁਣ ਮੇਰੇ..........

ਕੁਰਬਾਨ ਹੋ ਜਾ ਅਣਖ ਦੀ ਸ਼ਮਾਂ ਤੇ
ਜਿਉਂ ਹੁੰਦਾ ਏ ਕੋਈ ਪਤੰਗ
ਜਾ ਦੱਸ ਦੇ ਮੱਥਾ ਲਾਵਣਾ
ਜੋ ਨਿੱਤ ਕੂਕਣ ਜੰਗ-ਜੰਗ
ਸਾਡੀ ਹੀਰ-ਅਜ਼ਾਦੀ ਨਾ ਖੁੱਸ ਜੇ
ਕਿਤੇ ਖਾਲੀ ਨਾ ਹੋ ਜੇ ਝੰਗ
ਤੂੰ ਡਟ ਜਾ ਆਪਣੀ ਹੱਦ ਤੇ
ਤੂੰ ਵੀ ਮੇਜਰ "ਭੂਪਿੰਦਰ ਜਿਉਂ"
ਕਰ ਦੇ ਜਾਨ ਕੁਰਬਾਨ
ਤੂੰ ਗੱਲ ਸੁਣ ਮੇਰੇ..........

ਗੱਲ ਹੈ ਨਾ ਉਹਦੇ ਵਸ ਦੀ
ਉਹਦਾ ਨੇੜੇ ਆਇਆ ਕਾਲ
ਤੂੰ ਚੁੱਣ-ਚੁੱਣ ਮਾਰੀਂ ਸੂਰਮੇਂ
ਪਏ ਚੱਲਣ ਰੱਤ ਦੇ ਖਾਲ
ਇਕ "ਸਾਹਿਬ ਕੌਰ" ਤੇਰੀ ਭੈਣ ਸੀ
ਲੜੀ ਜੱਗ 'ਚ ਹੌਸਲੇ ਨਾਲ
ਜਿਵੇਂ "ਝਾਂਸੀ ਰਾਣੀ" ਨੇ ਕੀਤੇ ਸੀ
ਵੈਰੀ ਦੇ ਡਾਢੇ ਬੁਰੇ ਹਾਲ
ਉਵੇਂ ਹੀ "ਬਲਬੀਰ" ਵਿਚਰਣ ਦੇ
ਕਰ ਲਈ ਪੂਰੇ ਅਰਮਾਨ
ਤੂੰ ਗੱਲ ਸੁਣ ਮੇਰੇ..........

14 ਜੁਲਾਈ 1968

## ਸ਼ਹੀਦੀ-ਗਾਨਾ

ਉਠ ਹਿੰਦੀ ਸ਼ੇਰ ਜੁਆਨਾ ਵੇ।
ਹੁਣ ਬੰਨ੍ਹ ਲੈ ਸ਼ਹੀਦੀ ਗਾਨਾ ਵੇ।

ਵੈਰੀ ਸਰਹੱਦਾਂ ਤੇ ਲਲਕਾਰੇ
ਹਿੰਦੀਆਂ ਦੀ ਅਣਖ ਵੰਗਾਰੇ
ਜਾਹ ਚਾੜ੍ਹ ਮੌਤ ਦੇ ਖਾਰੇ
ਕੋਈ ਐਸਾ ਮਾਰ ਨਿਸ਼ਾਨਾ ਵੇ
ਉਠ ਹਿੰਦੀ ਸ਼ੇਰ..........

ਆ ਸੁੱਤਿਆ ਸ਼ੇਰਾਂ ਨੂੰ ਜਗਾਉਂਦਾ
ਅਮਨਾਂ ਨੂੰ ਉਹ ਨਹੀਂ ਚਹੁੰਦਾ
ਅਪਣੀ ਮੌਤ ਨੂੰ ਆਪ ਬਲਾਉਂਦਾ
ਜਿਉਂ ਸਮਾਂ ਗਿਰਦ ਪ੍ਵਾਨਾ ਵੇ
ਉਠ ਹਿੰਦੀ ਸ਼ੇਰ..........

ਜਿਹੜਾ ਨਾਲ ਤੇਰੇ ਮੱਥਾ ਲਾਵੇ
ਉਹ ਸੁੱਕਾ ਕਦੇ ਵੀ ਨਾ ਜਾਵੇ
ਖੁਦ ਮੌਤ ਦਾ ਸਮਾਨ ਲਿਆਵੇ
ਆਪ ਖਰਾਬ ਕਰਾਉਂਦਾ ਖਾਨਾ ਵੇ
ਉਠ ਹਿੰਦੀ ਸ਼ੇਰ..........

ਤੂੰ ਭਾਰਤ ਦਾ ਪਹਿਰੇਦਾਰ ਏਂ
ਅਤੇ ਦੁਸ਼ਮਣ ਲਈ ਤਲਵਾਰ ਏਂ
"ਬਲਬੀਰ" ਦਾ ਤੂੰ ਦਿਲਦਾਰ ਏ
ਵੈਰੀ ਹੋਇਆ ਫਿਰੇ ਦੀਵਾਨਾ ਵੇ
ਉਠ ਹਿੰਦੀ ਸ਼ੇਰ..........

18 ਜੂਨ 1969

## ਸਿੱਧੇ ਰਾਹੇ ਆ ਜਾ

ਸਿੱਧੇ ਰਾਹੇ ਆ ਜਾ ਬੰਦਿਆ,
ਹੁਣ ਛੱਡ ਦੇ ਪੁੱਠੇ ਤੂੰ ਚਾਲੇ।
ਕਾਹਦਾ ਏਂ ਗੁਮਾਨ ਕਰਦਾ
ਇਥੋਂ ਤੁਰਗੇ ਮੁੱਰਬਿਆਂ ਵਾਲੇ।

ਰਹੇ ਨਾ ਇਥੇ ਰਾਵਣ ਜਿਹੇ
ਜੀਹਨੇ ਕਾਲ ਸੀ ਵਸ ਵਿਚ ਕੀਤਾ
ਹਰਨਾਕਸ਼ ਜੇ ਘੁਮਡੀਆਂ ਲਈ
ਉਨ੍ਹੇ ਨਵਾਂ ਈ ਰੂਪ ਧਾਰ ਲੀਤਾ
ਨਾ-ਮਰਨ ਦੇ ਵਰ ਮੰਗਲੇ
ਉਹ ਹੋ ਗਿਆ ਮੌਤ ਦੇ ਹਵਾਲੇ
ਸਿੱਧੇ ਰਾਹ ਆ ਜਾ..........

ਕੌਰੂ ਜਹੇ ਬਾਦਸ਼ਾਹ ਨੇ
ਚਾਲੀ ਗੰਜ ਸੀ ਮਾਇਆ ਦੇ ਜੋੜੇ
ਤੁਰ ਗਿਆ ਹੱਥ ਝਾੜ ਕੇ
ਨਾਲ ਗਏ ਨਾ ਮਹਿਲ, ਹਾਥੀ, ਘੋੜੇ
ਚਿੱਤ ਵਿਚ ਪੌਂਫ ਰਖੀਏ
ਉਹ ਭੰਨਦੂ ਹੰਕਾਰ ਦੇ ਛਾਲੇ
ਸਿੱਧੇ ਰਾਹੇ ਆ ਜਾ..........

ਸਿਮਰਨ ਕਰ ਰੱਬ ਦਾ
ਅੰਤ ਸਮੇਂ ਉਹੀ ਕੰਮ ਆਉਂਣਾ
ਕਾਲ ਮਹਾਂ-ਵਲੀ ਗਾਫਲਾ
ਤੈਨੂੰ ਕਿਸੇ ਨਾ ਅੰਤ ਬਚਾਉਂਣਾ
"ਬਲਬੀਰ" ਉਹੋ ਦਿਸ ਦਾ ਨ੍ਹੀ
ਪਰ ਰਹਿੰਦਾ ਏ ਸਦਾਈ ਦੁਆਲੇ
ਸਿੱਧੇ ਰਾਹੇ ਆ ਜਾ..........

15 ਅਗਸਤ 1968

## ਨੀ ਤੁਰ ਗਿਆ

ਕੱਲੀ ਛੱਡ ਕੇ ਛਮਕ ਜਿਹੀ ਨਾਰ
ਪਾ ਕੇ ਹੰਝਆਂ ਦਾ ਗਲ ਵਿਚ ਹਾਰ
ਨੀ ਤੁਰ ਗਿਆ ਪੰਜਾਬ ਮੇਲ ਤੇ

ਸਾਡੀ ਸੁਣੀ ਨਾ ਕੋਈ ਵੀ ਦੁਹਾਈ ਨੀ
ਅਸਾਂ ਰੋਂਦਿਆਂ ਈ ਰਾਤ ਲੰਘਾਈ ਨੀ
ਮੈਂ ਹੋਗੀਆਂ ਸ਼ੁਦਾਈ ਨੀ
ਮੇਰੀ ਲਈ ਨਾ ਅਜੇ ਤੱਕ ਸਾਰ
ਨੀ ਤੁਰ ਗਿਆ ਪੰਜਾਬ ਮੇਲ ਤੇ..........

ਕਿਹੜਾ ਵੈਰੀ ਸਾਡੇ ਦੇਸ਼ ਦਾ ਹੋਇਆ ਨੀ
ਕੌਣ ਹੱਦਾਂ ਉਤੇ ਆ ਕੇ ਖਲੋਇਆ ਨੀ
ਕਿਹੜਾ ਐਸਾ ਮੋਇਆ ਨੀ
ਜਿਹੜਾ ਰਿਹਾਏ ਸਾਨੂੰ ਲਲਕਾਰ
ਨੀ ਤੁਰ ਗਿਆ ਪੰਜਾਬ ਮੇਲ ਤੇ..........

ਖੁਸ਼ੀ ਵਸੇ ਉਹ ਜੁਦਾਈ ਪਾਉਂਣ ਵਾਲਾ ਨੀ
"ਸਾਹਨੇਵਾਲੀਆ ਬਲਬੀਰ" ਦਿਲਵਾਲਾ ਨੀ
ਉਹ ਜੱਗ ਚੋ ਨਿਰਾਲਾ ਨੀ
ਜਿਹੜਾ ਹੈ ਯਾਰਾਂ ਦਾ ਯਾਰ
ਨੀ ਤੁਰ ਗਿਆ ਪੰਜਾਬ ਮੇਲ ਤੇ..........

13 ਜੁਲਾਈ 1968

## ਹੀਰ-ਰਾਂਝਾ

**ਹੀਰ**– ਲੈ ਵੇ ਰਾਂਝਿਆ ਅਸੀਂ ਮਜਬੂਰ ਹੋਏ,
ਮਾਫ ਕਰੀਂ ਜੇ ਮੇਰੀ ਤਕਸੀਰ ਕੋਈ।
ਇਸ ਪਿਆਰ ਨੂੰ ਸਮਝ ਕੇ ਇਕ ਨਾਟਕ,
ਨਾਇਕਾ ਸਮਝ ਲਈਂ ਇਸ ਦੀ ਹੀਰ ਕੋਈ।

**ਰਾਂਝਾ**– ਜਾਹ ਨੀ ਹੀਰੀਏ ਕੌਲਾਂ ਦੀਏ ਝੂਠੀਏ ਨੀ,
ਭਲਾਂ ਤੈਨੂੰ ਕੀ ਹੋਵੇ ਦਿਲਗੀਰ ਕੋਈ।
ਏਸ ਵਿਛੋੜੇ ਦੇ ਨਾਲੋਂ ਤਾਂ ਵੈਰਨੇ ਨੀ,
ਸਾਨੂੰ ਮਾਰਦੀ ਤੇਜ ਸ਼ਮਸ਼ੀਰ ਕੋਈ।

**ਹੀਰ**– ਨਾ ਵੇ ਏਦਾਂ ਨਾ ਐਵੇਂ ਆਖ ਮੈਨੂੰ,
ਮੈਨੂੰ ਮਾਰਿਆ ਮੇਰੀ ਤਕਦੀਰ ਰਾਂਝਾ।
ਐਵੇਂ ਦਿਲ 'ਚ ਭਰਮ ਨਾ ਰਖਦਾ ਰਹੀਂ,
ਧੋਖਾ ਦਿੱਤਾ ਏ ਤੇਰੀ ਹੀਰ ਰਾਂਝਾ।

**ਰਾਂਝਾ**– ਬਾਰਾਂ ਵਰੇ, ਰਿਹਾ ਮੈਂ ਚਾਕ ਤੇਰਾ,
ਛੱਡੀਆਂ ਭਾਬੀਆਂ ਅਤੇ ਵੀਰ ਹੀਰੇ।
ਅੱਜ ਬਣ ਖੇੜਿਆ ਦੀ ਤੁਰ ਚੱਲੀ,
ਸਾਨੂੰ ਮਾਰ ਕੇ ਬ੍ਰਿਹੋਂ ਤੀਰ ਹੀਰੇ।

**ਹੀਰ**– ਸਾਡੇ ਤਾਜਿਆਂ ਜਖਮਾਂ ਤੇ ਹੋਰ ਵੇ ਤੂੰ,
ਐਵੇਂ ਕਾਸਤੋਂ ਦੇਂਦਾ ਏ ਚੀਰ ਰਾਂਝਾ।
ਜੇਕਰ ਦਿਲ ਤੇਰਾ ਵੀ ਟੁੱਟਿਆ ਏ,
ਮੇਰਾ ਵੀ ਹੋਇਆ ਲੀਰੋ-ਲੀਰ ਰਾਂਝਾ।

**ਰਾਂਝਾ**– ਸਾਡੇ ਦਿਲ ਚੋਂ ਨੈਣਾਂ ਰਾਹੀਂ ਖ਼ੂਨ ਵਗੇ,
ਤੇਰੇ ਨੈਣਾਂ ਚੋਂ ਵਗੇ ਜੇ ਨੀਰ ਹੀਰੇ।
ਧਾਹਾਂ ਮਾਰੂ "ਬਲਬੀਰ" ਵਿਚ ਬੇਲਿਆਂ ਦੇ,
ਸਾਨੂੰ ਦੁੱਖਾਂ ਦੀ ਪਈ ਜ਼ੰਜੀਰ ਹੀਰੇ।

4 ਲਵੰਬਰ 1968

## ਕੰਨਸੋ

ਤੇਰੀ ਕਿਤੋਂ ਨਾ ਮਿਲੀ ਕੰਨਸੋ
ਨੈਣ ਤੱਕਦੇ ਪਏ ਨੇ ਤੈਨੂੰ ਦੋ
ਵੇ ਸੁਪਨਿਆਂ 'ਚ ਆਉਂਣ ਵਾਲਿਆ

ਹੱਟੀਆਂ ਤੇ ਪੁੱਛਿਆ ਏ
ਭੱਠੀਆਂ ਤੇ ਪੁੱਛਿਆ ਏ
ਇੱਸ਼ਕੇ ਨਿਮਾਣੇਂ ਦੀਆਂ
ਪੱਟੀਆਂ ਤੋਂ ਪੁੱਛਿਆ ਏ
ਏਦਾਂ ਪੁੱਛ-ਪੁੱਛ
ਲੰਘੇ ਕਈ ਕੋਹ
ਵੇ ਸੁਪਨਿਆਂ 'ਚ...........

ਨਹਿਰਾਂ ਤੇ ਪੁੱਛਿਆ ਏ
ਸ਼ਹਿਰਾਂ 'ਚ ਪੁੱਛਿਆ ਏ,
ਹਾੜ੍ਹ ਦੀਆਂ ਤਪਦੀਆਂ
ਦੁਪਹਿਰਾਂ ਤੋਂ ਪੁੱਛਿਆ ਏ
ਅਸਾਂ ਦੇਖਿਆ ਏ
ਟਿੱਬੀਏਂ ਖਲੋ
ਵੇ ਸੁਪਨਿਆਂ 'ਚ...........

ਬੇਲਿਆਂ 'ਚ ਪੁੱਛਿਆ ਏ
ਮੇਲਿਆਂ 'ਚ ਪੁੱਛਿਆ ਏ
ਸਾਧੂਆਂ ਫਕੀਰਾਂ ਦਿਆਂ
ਚੇਲਿਆਂ ਤੋਂ ਪੁਛਿਆ ਏ
"ਬਲਬੀਰ" ਫੁੱਟ-ਫੁੱਟ
ਰਹੀ ਆਂ ਮੈਂ ਰੋ

19 ਅਪ੍ਰੈਲ 1968

## ਬੱਬਰ ਸ਼ੇਰ

ਮਾਛੀਵਾੜੇ ਦੇ ਜੰਗਲ ਦਿਆ ਬੱਬਰ ਸ਼ੇਰਾ।
ਵਾਰ ਦਿੱਤਾ ਸਰਬੰਸ ਤੂੰ ਧੰਨ ਜਿਗਰਾ ਤੇਰਾ।

ਧਰਤੀ ਪਾਉਂਟਾ ਸਾਹਿਬ ਦੀ
ਨੂੰ ਜਾ ਰੰਗ ਲਾਇਆ
ਕਵੀਆਂ ਅਤੇ ਸ਼ਾਇਰਾਂ
ਦਾ ਸੀ ਮਾਣ ਵਧਾਇਆ
ਖਿਦਰਾਣੇ ਦੀ ਢਾਬ ਨੂੰ
ਜਾ ਭਾਗ ਸੀ ਲਾਏ
ਮਾਝੇ ਦਿਆਂ ਸਿੰਘਾ
ਨੇ ਸੀ ਹੱਥ ਦਿਖਾਏ
ਜਾਨ ਨਾਲੋਂ ਵਾਰ ਤਾ
ਹਰ ਸਿੱਖ ਪਿਆਰ
ਮਾਛੀਵਾੜੇ ਦੇ ਜੰਗਲ...........

ਅਮ੍ਰਿਤ ਪਿਲਾ ਚਿੜੀਆਂ ਨੂੰ
ਤੈਂ ਬਾਜ਼ ਤੁੜਾਏ
ਹਰੇ ਰਹਿਣ ਤੇਰੇ ਸਿੱਖੀ ਦੇ
ਜਿਹੜੇ ਬੂਟੇ ਲਾਏ
ਛੋਟੀ ਜਿਹੀ ਉਮਰ ਵਿਚ
ਸੀ ਫੌਜ ਬਣਾਈ
ਟਾਕਰਾ ਕਰਨਾ ਵੈਰੀ ਦਾ
ਤੂੰ ਜਾਚ ਸਿਖਾਈ
ਦੇਖ ਦਿਆਂ ਦੁਸ਼ਮਣਾ ਦਾ
ਟੁੱਟ ਜਾਂਦਾ ਜੇਰਾ
ਮਾਛੀਵਾੜੇ ਦੇ ਜੰਗਲ...........

ਅਮ੍ਰਿਤ ਪਿਲਾ ਕੇ ਸਭ ਨੂੰ
ਬਣਾਇਆ ਭਾਈ-ਭਾਈ
ਨੀਲੇ ਦਿਆ ਸ਼ਾਹ ਅਸਵਾਰਾ

ਹੈ ਧੰਨ ਤੇਰੀ ਮਾਈ
ਸਿੱਖੀ ਦੀ ਪਾਣ ਚਾੜ ਕੇ
ਬਣਾਏ ਪੰਜ ਪਿਆਰੇ
ਦਿਨੇ ਦਿਖਾਏ ਜਿਨ੍ਹਾਂ ਨੇ
ਦੁਸ਼ਮਣ ਨੂੰ ਤਾਰੇ
"ਬਲਬੀਰ" ਇਹੋ ਅਰਜ ਐ
ਫਿਰ ਪਾ ਜਾ ਫੇਰਾ
ਮਾਛੀਵਾੜੇ ਦੇ ਜੰਗਲ
ਦਿਆ ਬੱਬਰ ਸ਼ੇਰਾ

13 ਦਸੰਬਰ 1968

## ਦਰਦ-ਪ੍ਾਇਆ

"ਏਤੀ ਮਾਰ ਪਈ ਕੁਰਲਾਣੋਂ
ਤੈਂ ਕੀ ਦਰਦ ਨਾ ਆਇਅ ?"
ਹੁੰਦਾ ਵੇਖ ਜ਼ੁਲਮ ਦੁਨੀਆਂ ਤੇ
ਰੱਬ ਨੂੰ ਆਖ ਸੁਣਾਇਆ

ਹਿੰਦੂਆਂ ਦਾ ਤੂੰ ਗੁਰ ਸੀ ਬਾਬਾ
ਮੁਸਲਮਾਨਾਂ ਦਾ ਪੀਰ
ਭਲਾ ਕੀਤਾ ਤੂੰ ਖਲਕਤ ਉਤੇ
ਬਣਕੇ ਆਪ ਫਕੀਰ
ਕਰਕੇ ਅਨੋਖੇ ਕੌਤਕਾਂ ਨੂੰ
ਸਭ ਨੂੰ ਹੈ ਸਮਝਾਇਆ
ਏਤੀ ਮਾਰ ਪਈ...........

ਭਰੇ ਭੰਡਾਰੇ ਗਿਆਨ ਦੇ
ਰਚ-ਰਚ ਕੇ ਤੂੰ ਬਾਣੀ
ਪੜ੍ਹਕੇ ਜਪੁਜੀ ਸਾਹਿਬ ਨੂੰ
ਵਿਸਮਾਦ ਹੋਏ ਹਰ ਪ੍ਰਾਣੀ
ਭੈਣ ਨਾਨਕੀ ਮਾਣ ਕਰੇਂਦੀ
ਜੀਹਦਾ ਤੂੰ ਮਾਂ-ਜਾਇਆ
ਏਤੀ ਮਾਰ ਪਈ...........

ਸਭ ਤੋਂ ਕਰਮਾਂ ਵਾਲੀ ਉਹੋ
ਜੋ ਤੇਰੀ ਹਮਸ਼ੀਰਾ
ਲਾਲਾਂ ਵਿਚੋਂ ਲਾਲ ਸੀ ਤੂੰ
ਹੀਰਿਆਂ ਵਿਚੋਂ ਹੀਰਾ
ਹੱਥ ਰੱਖੀਂ "ਬਲਬੀਰ" ਦੇ ਸਿਰ ਤੇ
ਬੁਰਾ ਨਾ ਪੈ ਜੇ ਸਾਇਆ
ਏਤੀ ਮਾਰ ਪਈ...........

18 ਜੂਨ 1968

## ਸਮਝ ਮੇਰ ਭਾਵ

ਵੇ ਛੱਡ ਦੇ ਸ਼ਰਾਬ ਢੋਲਣਾ।
ਤੂੰ ਹੋ ਨਾ ਖਰਾਬ ਢੋਲਣਾ।

ਤੂੰ ਘਰ ਦੀ ਕਰਾਵੇਂਗਾ ਕੁਰਕੀ
ਮੇਰੀ ਵੇਚਤੀ ਕੈਂਠੀ ਤੇ ਮੁਰਕੀ
ਸਾਨੂੰ ਜੁੜਦੀ ਨਾ ਟੁੱਕ ਦੀ ਬੁਰਕੀ
ਤੇ ਆਪ ਖਾਏਂ ਕਵਾਬ ਢੋਲਣਾ
ਵੇ ਛੱਡ ਦੇ ਸ਼ਰਾਬ...........

ਏਸ ਬੋਤਲ ਸ਼ਾਹ ਕੰਗਾਲ ਕੀਤੇ
ਜਿਨ੍ਹਾਂ ਭਰ ਕੇ ਪਿਆਲੇ ਨਿੱਤ ਪੀਤੇ
ਪੁੱਛ ਉਨ੍ਹਾਂ ਨੂੰ ਕਿਵੇਂ ਦਿਨ ਬੀਤੇ
ਇਹਨੂੰ ਛੇਤੀ ਦੇਹ ਜਵਾਬ ਢੋਲਣਾ
ਵੇ ਛੱਡ ਦੇ ਸ਼ਰਾਬ...........

ਨਿਆਣੇ ਫਿਰਦੇ ਨੰਗ-ਧੜੰਗੇ
ਕੋਈ ਝੱਗਾ ਚੁੰਨੀ ਮੰਗੇ,
ਨਿੱਤ ਲੈਂਦਾ ਫਿਰੇ ਤੂੰ ਪੰਗ
ਤੈਂ ਰੋਲਿਆ ਸ਼ਬਾਬ ਢੋਲਣਾਂ
ਵੇ ਛੱਡ ਦੇ ਸ਼ਰਾਬ...........

ਮੰਡੀ ਵੇਚਿਆਂ ਊਠ ਤੇ ਬਹਿੜਾ
ਛੱਡ ਲਾਲ ਪਰੀ ਦਾ ਖਹਿੜਾ
ਇਹ ਕੰਮ ਆਂ "ਬਲਬੀਰ" ਬੜਾ ਭੈੜਾ
ਸਮਝ ਮੇਰਾ ਭਾਵ ਢੋਲਣਾ
ਵੇ ਛੱਡ ਦੇ ਸ਼ਰਾਬ...........

4 ਦਸੰਬਰ 1968

## ਹਾਸੇ ਵੰਡਦੀ

ਮੇਰਾ ਮਾਈ ਤਾਂ ਹੋਇਆ ਏ ਹੌਲਦਾਰ
ਉਹਨੂੰ ਮੰਨ ਗਈ ਹਿੰਦ-ਸਰਕਾਰ
ਨੀ ਫਿਰਾਂ ਮੈਂ ਪਤਾਸੇ ਵੰਡਦੀ
ਨਾਲੇ ਫਿਰਾਂ ਹਾਸੇ ਵੰਡਦੀ

ਕੋਈ ਮੈਨੂੰ ਪੁੱਛੇ ਇਹੇ ਕਾਸ ਦੇ ਪਤਾਸੇ ਨੇ
ਲਾਲ-ਲਾਲ ਬੁੱਲ੍ਹੀਆਂ ਤੇ ਕਿਥੋਂ ਆਏ ਹਾਸੇ ਨੇ
ਕਿਉਂ ਮਲੇ ਨੀ ਦੰਦਾਸੇ ਨੇ
ਕਾਹਤੋਂ ਕੀਤਾ ਏ ਤੂੰ ਹਾਰ-ਸ਼ਿੰਗਾਰ
ਨੀ ਫਿਰਾਂ ਮੈਂ ਪਤਾਸੇ...........

ਢੋਲ ਮੇਰੇ ਦੇ ਤਾਂ ਜਦੋਂ ਦੇਖੇ ਕਰੱਤਬ ਸੀ
ਸਾਅਬ ਓਸ ਦੇ ਨੂੰ ਓਹ ਉਦੋਂ ਗਿਆ ਫੱਬ ਸੀ
ਤੇ ਮੰਨਦੇ ਉਹਨੂੰ ਸਭ ਸੀ
ਉਹਦੇ ਮੋਢੇ ਉਤੇ ਫੱਬਣ ਸਟਾਰ
ਨੀ ਫਿਰਾਂ ਮੈਂ ਪਤਾ ਸੀ...........

ਜੰਗ 'ਚ "ਬਲਬੀਰ" ਨੇ ਚਲਾਏ ਜਦੋਂ ਬੰਬ ਸੀ
ਹਿੱਲ ਗਈ ਧਰਤੀ ਅਰਸ਼ ਗਿਆ ਕੰਬ ਸੀ
ਤੇ ਵੈਰੀ ਗਿਆ ਹੰਭ ਸੀ
ਤਾਂਹੀ ਸਾਅਬ ਨੇ ਕੀਤਾ ਸਤਕਾਰ
ਨੀ ਫਿਰਾਂ ਮੈਂ ਪਤਾਸੇ ਵੰਡਦੀ...........
ਨਾਲੇ ਫਿਰਾਂ ਹਾਸੇ ਵੰਡਦੀ

2 ਜਨਵਰੀ 1968

## ਸ਼ਹੀਦ ਭਗਤ ਸਿੰਘ

ਕੀਹਨੇ ਜੰਮਣਾ ਭਗਤ ਸਿੰਘ ਵਰਗਾ,
ਐਸੰਬਲੀ 'ਚ ਬੰਬ ਮਾਰਿਆ।

ਚਾਚੇ "ਅਜੀਤ ਸਿੰਘ" ਤੋਂ
ਲਈ ਦੇਸ਼ ਭਗਤੀ ਦੀ ਸਿੱਖਿਆ
ਦੁਨੀਆਂ 'ਚ ਨਾਉਂ ਰਹੂਗਾ
ਜਿਹੜਾ ਗਿਆ ਤਾਰੀਖ 'ਚ ਲਿਖਿਆ
ਅਜ਼ਾਦੀ ਵਾਲੀ ਸ਼ਮਾਂ ਦੇ ਉਤੇ
ਉਨ੍ਹੇ ਰੂਪ ਪ੍ਰਵਾਨੇ ਵਾਲਾ ਧਾਰਿਆ
ਕੀਹਨੇ ਜੰਮਣਾ...........

ਛੱਡ ਕੇ ਮੰਗ ਆਪਣੀ
ਉਨ੍ਹੇ ਮੌਤ ਨਾ ਕਰਾਲੀ ਸ਼ਾਦੀ
ਫਾਂਸੀ ਵਾਲਾ ਰੱਸਾ ਚੁੰਮ ਕੇ
ਉਨ੍ਹਾਂ ਹਿੰਦ 'ਚ ਲਿਆਂਦੀ ਅਜ਼ਾਦੀ
ਵਤਨ ਦਿਆਂ ਆਸ਼ਕਾਂ ਨੇ
ਫਰੰਗੀ ਮੁੜ ਇੰਗਲੈਂਡ 'ਚ ਬਾੜਿਆ
ਕੀਹਨੇ ਜੰਮਣਾ...........

ਦੋ ਬਾਹਵਾਂ ਓਸ ਦੀਆਂ
"ਰਾਜਗੁਰੂ" ਤੇ "ਸੁਖਦੇਵ" ਉਹਦੇ ਆੜੀ
ਜੰਜ ਉਹਦੀ ਚੜ੍ਹ ਸੀ ਗਏ
ਜਦੋਂ ਵਿਆਹੁਣ ਗਿਆ ਮੌਤ-ਲਾੜੀ
"ਬਲਬੀਰ" ਬੀਰ ਭਾਗਤ ਸਿੰਘ ਨੇ
ਜਿਹੜਾ ਬਣਦਾ ਸੀ ਕਰਜ਼ ਉਤਾਰਿਆ
ਕੀਹਨੇ ਜੰਮਣਾ...........

15 ਅਗਸਤ 1968

## ਨਾ ਜਾਹ

ਕੁ- ਪਿਆਰ ਤੇਰੇ ਨੂੰ ਤਰਸੇ ਜੁਆਨੀ
ਲਗਦਾ ਮੈਨੂੰ ਡਰ ਵੇ
ਨਾ ਜਾਹ ਲਾਮਾਂ ਨੂੰ
ਰਹੀ ਮੈਂ ਅਰਜ਼ਾਂ ਕਰ ਵੇ

ਮੁੰ- ਜੋਧਿਆਂ ਦੀ ਸੰਤਾਨ ਤੂੰ ਹੋ ਕੇ
ਕਾਹਤੋਂ ਰਹੀ ਏਂ ਡਰ ਨੀ
ਕਿਉਂ ਨਾ ਜਾਵਾਂ ਮੈਂ
ਵੈਰੀ ਵਾਰ ਰਿਹਾ ਕਰ ਨੀ

ਕੁ- ਸੁਣ ਕੇ ਤੇਰੇ ਖਬਰ ਜਾਣ ਦੀ
ਨੈਣਾਂ ਨੇ ਛਹਿਬਰ ਲਾਈ
ਹੁਣੇ ਤੂੰ ਪਾ ਚੱਲਿਐਂ ਵਿਛੋੜਾ
ਕੱਲ੍ਹ ਅਜੇ ਮੈਂ ਆਈ
ਸੁਣ ਕੇ ਤੇਰੀਆਂ ਗੱਲਾਂ ਹਾਣੀਆਂ
ਲਵਾਂ ਕੰਨਾਂ ਤੇ ਹੱਥ ਧਰ ਵੇ
ਨਾ ਜਾਹ ਲਾਮਾਂ ਨੂੰ.........

ਮੁੰ- ਆਪਣਾ ਵਤਨ ਏ ਆਪਣੀ ਧਰਤੀ
ਸੋਚ ਸਮਝ ਮੁਟਿਆਰੇ
ਸ਼ੇਰਾਂ ਮੂਹਰੇ ਗਿੱਦੜ ਆ ਕੇ
ਦੱਸ ਕਾਹਤੋਂ ਵੰਗਾਰੇ
ਤੂੰ ਦਿਲ ਨੂੰ ਕਰ ਕਰੜਾ
ਇਵੇਂ-ਕਿਵੇਂ ਜਾਊ ਸਰ ਨੀ
ਕਿਉਂ ਨਾ ਜਾਵਾਂ ਮੈਂ........

ਕੁ- ਮੰਨ ਲੈ ਮੇਰੀ ਗੱਲ ਵੇ ਚੰਨਾਂ
ਨਾ ਲਾ ਵਿਰਹੋਂ-ਕਾਨੀ
ਦੋ ਨਦੀਆਂ ਦੇ ਨੀਰ ਨੇ ਮੇਰੀ
ਖੋਰ ਦੇਣੀ ਏਂ ਜੁਆਨੀ

ਤੇਰੇ ਆਉਂਣ ਤੋਂ ਪਹਿਲਾਂ ਢੋਲਾ
ਮੈਂ ਤਾਂ ਜਾਊਂਗੀ ਮਰ ਵੇ
ਨਾ ਜਾਹ ਲਾਮਾਂ........

ਮੁੰ– ਨਾਲ ਸ਼ਗਨਾਂ ਦੇ ਤੋਰ "ਬਲਬੀਰ" ਨੂੰ
ਲਾ ਕੇ ਮੱਥੇ ਟਿੱਕਾ
ਬੋਲ ਤੂੰ ਮੂੰਹੋਂ ਕੱਢ ਕੋਈ ਚੰਗੇ
ਬਣ ਨਾ ਐਵੇਂ ਅੜਿਕਾ
"ਸਾਹਨੇਵਾਲੀਆ" ਜੰਗ ਜਿੱਤ ਮੁੜੂਗਾ
ਐਵੇਂ ਨਾ ਹਾਉਕੇ ਭਰ ਨੀ
ਕਿਉਂ ਨਾ ਜਾਵਾਂ ਮੈਂ.........

16 ਸਤੰਬਰ 1969

## ਮਿਰਜਾ-ਸਾਹਿਬਾਂ

**ਲੋਕ-ਗਾਥਾ**

ਜਦੋਂ ਖਬਰ ਹੋਈ ਮਿਰੇ ਜੱਟ ਨੂੰ
ਉਹਨੂੰ ਲੱਗੀਆਂ ਤੌਂਣੀਆਂ ਆਉਂਣ
ਆਖੇ "ਕੇਹੜਾ ਜੱਗ ਤੇ ਜੰਮਿਆਂ
ਜੋ ਆ ਗਿਆ ਸਾਹਿਬਾਂ ਵਿਆਹੁਣ
ਮੇਰਾ ਦੁਨੀਆਂ ਪਾਣੀ ਭਰਦੀ
ਅਤੇ ਪੱਖਾ ਝੱਲਦੀ ਪੌਣ
ਜੇਹੜੇ ਮੱਥਾ ਮੇਰੇ ਨਾ ਲਾਵੰਦੇ
ਉਹ ਓੜਕ ਨੂੰ ਪਛਾਉਂਣ"

ਜੱਟ ਝੱਟ ਤਿਆਰ ਹੋ ਗਿਆ
ਉਨ੍ਹੇ ਲੱਕ ਲਮਕਾਈ ਸ਼ਮਾਸ਼ੀਰ
ਮੋਢੇ 'ਚ ਧੁਣਖ ਲਟਕਾ ਲਿਆ
ਤਰਕਸ਼ 'ਚ ਪਾ ਲਏ ਤੀਰ
ਫਿਰ ਬੱਕੀ ਤਬੇਲ਼ਿਉਂ ਕੱਢਲੀ
ਕੋਈ ਸੋਚੀ ਨਾ ਤਦਬੀਰ
ਮਾਂ-ਬਾਪ ਨੇ ਬਥੇਰਾ ਰੋਕਿਆ
ਕਿਥੇ ਮੁੜਨ ਦਿੰਦੀ ਤਕਦੀਰ

ਮਿਰਜਾ ਮਾਰ ਪਲਾਕੀ ਚੜ੍ਹ ਗਿਆ
ਬੱਕੀ ਉਡੀ ਹਵਾ ਦੇ ਨਾਲ
ਉਹ ਵਧਦੀ ਵਾਗੂੰ ਰਬੜ ਦੇ
ਉਹਦੇ ਪੈਰਾਂ ਵਿਚ ਭੂਚਾਲ
ਐਸਾ ਸੁੰਬਾਂ ਦਾ ਖੜਕਾ ਗਜ਼ਬ ਦਾ
ਉਨ੍ਹਾਂ ਬਨ੍ਹਿਆਂ ਰਸੀਲਾਂ ਤਾਲ
ਅੰਤ ਜੱਟ ਜੱਟੀ ਨੂੰ ਮਿਲ ਪਿਆ
ਜਾ ਪਹੁੰਚਾ ਝੰਗ-ਸਿਆਲ

ਓਧਰ ਸਾਹਿਬਾਂ ਵੀ ਸੀ ਉਡੀਕ ਦੀ
ਦਿਤੀ ਨੈਣਾਂ 'ਚ ਰਾਤ ਵਿਤਾ
ਉਹਦੇ ਖੁਸ਼ੀ 'ਚ ਬੀੜੇ ਟੁੱਟਗੇ
ਕਹਿੰਦੇ ਦੀਦਾਰ ਯਾਰ ਦਾ ਪਾ
ਮਿਰਜ਼ੇ ਨੇ ਸਾਹਿਬਾਂ ਚੁੱਕ ਕੇ
ਲਈ ਬੱਕੀ ਦੇ ਉਤੇ ਬਿਠਾ
ਫੇਰ ਅੱਡੀ ਲਾਈ ਬੱਕੀ ਨੂੰ
ਪਿਆ ਦਾਨਾਵਾਦ ਦੇ ਰਾਹ

ਏਧਰ ਰੌਲਾ ਪਿਆ ਖੀਵੇ ਖਾਂਦੇ
ਕਹਿੰਦੇ ਨੱਸ ਗੀ ਸਾਹਿਬਾਂ ਨਾਰ
ਚੰਦੜਾਂ ਨੂੰ ਦੰਦਲਾਂ ਪੈ ਗੀਆਂ
ਵਿਉਲ੍ਹੇ ਨੂੰ ਚੜ੍ਹਿਆ ਬੁਖਾਰ
ਉਨ੍ਹਾਂ ਪਾਈ ਘੋੜਿਆਂ ਤੇ ਪਾਖਰਾਂ
ਉਠੇ ਚੰਗੇ-ਚੰਗੇ ਅਸਵਾਰ
ਜੱਟ ਮਿਰਜ਼ਾ ਜੰਡ ਹੇਠ ਘੇਰਿਆ
ਨਾਲ ਈ ਸਾਹਿਬਾਂ ਮੁਟਿਆਰ

ਕਾਨੀਆਂ ਤੇ ਕਮਾਣ ਨਾ ਦੇਖ ਕੇ
ਜੱਟ ਹੋਇਆ ਅਤਿ ਹੈਰਾਨ
ਉਹਦੇ ਹੱਥਾਂ ਦੇ ਤੋਤੇ ਉਡਗੇ
ਤੱਕ ਮਾਸ਼ੂਕ ਨੂੰ ਬੇਈਮਾਨ
ਜੱਟ ਮਾਰਿਆ ਕੋਹ-ਕੋਹ ਕੇ
ਉਹਦੇ ਮਿੱਟੀ ਮਿਲੇ ਅਸਮਾਨ
"ਬਲਬੀਰ" ਆਖੇ ਸਾਹਿਬਾਂ ਜੱਟੀਏ
ਤੇਰਾ ਬਦਲਿਆ ਅੰਤ ਈਮਾਨ
18 ਜੂਨ 1969